Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 232 29/01/2026 www.samajweekly.com samajweekly @samajweekly samajweekly

# Maharashtra Plane Crash

## ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਸਣੇ ਪੰਜ ਦੀ ਮੌਤ

**ਮੁੰਬਈ।** ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਅਤੇ ਚਾਰ ਹੋਰ ਵਿਅਕਤੀਆਂ ਦੀ ਬੁੱਧਵਾਰ ਸਵੇਰੇ ਪੁਣੇ ਜ਼ਿਲ੍ਹੇ ਵਿੱਚ ਇੱਕ ਜਹਾਜ਼ ਹਾਦਸੇ ਦੌਰਾਨ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਅਜੀਤ ਪਵਾਰ ਦਾ ਜਹਾਜ਼ ਪੁਣੇ ਦੇ ਬਾਰਾਮਤੀ ਇਲਾਕੇ ਵਿੱਚ ਲੈਂਡ ਕਰ ਰਿਹਾ ਸੀ। ਖ਼ਬਰਾਂ ਮੁਤਾਬਕ ਉਪ ਮੁੱਖ ਮੰਤਰੀ ਅਜੀਤ ਪਵਾਰ ਕਿਸੇ ਪ੍ਰੋਗਰਾਮ ਲਈ ਬਾਰਾਮਤੀ ਜਾ ਰਹੇ ਸਨ। ਵੇਰਵਿਆਂ ਅਨੁਸਾਰ ਲੈਂਡਿੰਗ ਸਮੇਂ ਇਹ ਜਹਾਜ਼ ਹਾਦਸਾ ਹੋਇਆ ਹੈ। ਅਜੀਤ ਪਵਾਰ ਦੀ ਦੁਖਦਾਈ ਮੌਤ ਦੇ ਵੱਖ-ਵੱਖ ਸਿਆਸੀ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਭਲਕੇ ਉਨ੍ਹਾਂ ਦੇ ਸਸਕਾਰ ਵਿੱਚ ਸ਼ਾਮਲ ਹੋ ਸਕਦੇ ਹਨ। ਉਧਰ ਕੇਂਦਰੀ ਹਵਾਬਾਜ਼ੀ ਮੰਤਰੀ ਕੇ.ਰਾਮ-ਮੋਹਨ ਨਾਇਡੂ ਨੇ ਕਿਹਾ ਕਿ ਮੁੱਢਲੀ ਜਾਂਚ ਮੁਤਾਬਕ, ਹਾਦਸੇ ਮੌਕੇ ਬਾਰਾਮਤੀ ਹਵਾਈ ਅੱਡੇ ਦਿਸਣ ਹੱਦ ਘੱਟ ਸੀ। ਉਨ੍ਹਾਂ ਕਿਹਾ ਕਿ ਡੀਜੀਸੀਏ ਅਤੇ ਏਏਆਈਵੀ ਦੀਆਂ ਟੀਮਾਂ ਜਾਂਚ ਲਈ ਮੌਕੇ ਉੱਤੇ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ, "ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਹਵਾਈ ਜਹਾਜ਼ ਵੱਲੋਂ ਲੈਂਡਿੰਗ ਦੀ ਕੋਸ਼ਿਸ਼ ਮੌਕੇ ਦਿਸਣਹੱਦ ਘੱਟ ਸੀ। ਡੀ ਜੀ ਸੀ ਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ) ਦੇ ਇੱਕ ਸੀਨੀਅਰ ਅਧਿਕਾਰੀ ਨੇ ਬੁੱਧਵਾਰ ਨੂੰ ਦੱਸਿਆ ਕਿ ਲੀਅਰਜੈੱਟ 45 (ਲ਼ਇਓਰਜਇਟ 45) ਜਹਾਜ਼ ਵਿੱਚ ਹਾਦਸੇ ਸਮੇਂ ਪੰਜ ਲੋਕ ਸਵਾਰ ਸਨ—ਜਿਨ੍ਹਾਂ ਵਿੱਚ ਉਪ ਮੁੱਖ ਮੰਤਰੀ ਅਜੀਤ ਪਵਾਰ, ਦੋ ਹੋਰ ਕਰਮਚਾਰੀ (ਇੱਕ ਪੀ.ਐਸ.ਓ. ਅਤੇ ਇੱਕ ਸਹਾਇਕ) ਅਤੇ ਦੋ ਚਾਲਕ ਦਲ ਦੇ ਮੈਂਬਰ (ਪਾਇਲਟ ਇਨ-ਕਮਾਂਡ ਅਤੇ ਫਸਟ ਅਫਸਰ) ਸ਼ਾਮਲ ਸਨ। ਅਧਿਕਾਰੀ ਮੁਤਾਬਕ ਜਹਾਜ਼ ਵਿੱਚ ਸਵਾਰ ਕਿਸੇ ਵੀ ਵਿਅਕਤੀ ਦੀ ਜਾਨ ਨਹੀਂ ਬਚ ਸਕੀ ਹੈ ਅਤੇ ਡੀ.ਜੀ.ਸੀ.ਏ. ਦੇ ਅਧਿਕਾਰੀਆਂ ਦੀ ਇੱਕ ਟੀਮ ਹਾਦਸੇ ਵਾਲੀ ਥਾਂ ਵੱਲ ਰਵਾਨਾ ਹੋ ਗਈ ਹੈ।



**ਪਵਾਰ ਦਾ ਜਹਾਜ਼ ਹਾਦਸਾਗ੍ਰਸਤ ਹੋਣ ਤੋਂ ਬਾਅਦ ਹੋਏ ਜ਼ਬਰਦਸਤ ਧਮਾਕੇ: ਚਸ਼ਮਦੀਦ**

ਚਸ਼ਮਦੀਦਾਂ ਅਨੁਸਾਰ, ਜਹਾਜ਼ ਹਵਾ ਵਿੱਚ ਹੀ ਅਸੰਤੁਲਿਤ ਦਿਖਾਈ ਦੇ ਰਿਹਾ ਸੀ ਅਤੇ ਜਿਵੇਂ ਹੀ ਇਹ ਰਨਵੇਅ ਨੇੜੇ ਪਹੁੰਚਿਆ, ਜ਼ੋਰਦਾਰ ਧਮਾਕੇ ਨਾਲ ਜ਼ਮੀਨ 'ਤੇ ਜਾ ਡਿੱਗਿਆ। ਇਕ ਮਹਿਲਾ ਚਸ਼ਮਦੀਦ ਨੇ ਦੱਸਿਆ ਕਿ ਜਹਾਜ਼ ਨੇ ਹਵਾਈ ਅੱਡੇ ਦੇ ਉੱਪਰ ਚੱਕਰ ਲਗਾਇਆ, ਪਰ ਲੈਂਡਿੰਗ ਵੇਲੇ ਇਹ ਟੇਢਾ ਹੋ ਕੇ ਜ਼ਮੀਨ ਨਾਲ ਟਕਰਾ ਗਿਆ, ਜਿਸ ਤੋਂ ਬਾਅਦ ਲਗਾਤਾਰ ਚਾਰ-ਪੰਜ ਧਮਾਕੇ ਹੋਏ ਅਤੇ ਹਰ ਪਾਸੇ ਅੱਗ ਦੀਆਂ ਲਪਟਾਂ ਫੈਲ ਗਈਆਂ।

ਫਲਾਈਟ ਰਡਾਰ ਅਨੁਸਾਰ, ਇਸ ਜਹਾਜ਼ ਨੇ ਸਵੇਰੇ 8:10 ਵਜੇ ਮੁੰਬਈ ਤੋਂ ਉਡਾਣ ਭਰੀ ਸੀ ਅਤੇ 8:45 ਵਜੇ ਇਸ ਦਾ ਰਡਾਰ ਨਾਲੋਂ ਸੰਪਰਕ ਟੁੱਟ ਗਿਆ, ਜਦਕਿ 8:50 ਵਜੇ ਇਹ ਹਾਦਸਾ ਵਾਪਰਿਆ। ਅਜੀਤ ਪਵਾਰ 5 ਫਰਵਰੀ ਨੂੰ ਹੋਣ ਵਾਲੀਆਂ ਜ਼ਿਲ੍ਹਾ ਪਰਿਸ਼ਦ ਚੋਣਾਂ ਦੇ ਪ੍ਰਚਾਰ ਲਈ ਮੁੰਬਈ ਤੋਂ ਬਾਰਾਮਤੀ ਜਾ ਰਹੇ ਸਨ। ਐੱਸਪੀ ਸੰਦੀਪ ਸਿੰਘ ਗਿੱਲ ਨੇ ਦੱਸਿਆ ਕਿ ਹਾਦਸੇ ਤੋਂ ਤੁਰੰਤ ਬਾਅਦ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ ਸਨ ਅਤੇ ਲਾਸ਼ਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ, ਜਦਕਿ ਪੁਲੀਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਜਾਂਚ ਵਿੱਚ ਜੁਟੀਆਂ ਹੋਈਆਂ ਹਨ।

## ਐੱਸ ਵਾਈ ਐੱਲ: ਸਕੱਤਰ ਪੱਧਰੀ ਦੁਵੱਲੀ ਵਾਰਤਾ 'ਤੇ ਸਹਿਮਤੀ

**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਚਾਲੇ ਅੱਜ ਇੱਥੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਹੋਈ ਛੇਵੇਂ ਗੇੜ ਦੀ ਮੀਟਿੰਗ 'ਚ ਗੱਲਬਾਤ ਸਾਰਥਕ ਤਰੀਕੇ ਨਾਲ ਅੱਗੇ ਵਧਾਉਣ 'ਤੇ ਸਹਿਮਤੀ ਬਣੀ। ਮੀਟਿੰਗ 'ਚ ਦੋਵੇਂ ਸੂਬਿਆਂ ਨੇ ਹੁਣ ਅਗਲੇ ਗੇੜ 'ਚ ਸਕੱਤਰ ਪੱਧਰ ਦੀ ਵਾਰਤਾ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਇਸ ਤਹਿਤ ਪੰਜਾਬ ਅਤੇ ਹਰਿਆਣਾ ਦੇ ਜਲ ਸਰੋਤ ਵਿਭਾਗਾਂ ਦੇ ਸਕੱਤਰ ਪੰਦਰਾਂ ਦਿਨਾਂ 'ਚ ਇੱਕ ਵਾਰ ਇਸ ਮੁੱਦੇ 'ਤੇ ਗੱਲਬਾਤ ਕਰਨਗੇ ਅਤੇ ਆਪਣੀ ਰਿਪੋਰਟ ਮੁੱਖ ਮੰਤਰੀਆਂ ਨੂੰ ਸੌਂਪਣਗੇ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤਹਿਤ ਦੋਵੇਂ ਸੂਬਿਆਂ ਵਿਚਾ-ਲੇ ਕਰੀਬ ਅੱਧਾ ਘੰਟਾ ਹੋਈ ਮੀਟਿੰਗ ਬਿਨਾਂ ਕਿਸੇ ਠੋਸ ਨਤੀਜੇ ਤੋਂ ਸਮਾਪਤ ਹੋ ਗਈ। ਕੇਂਦਰ ਸਰਕਾਰ ਵੱਲੋਂ ਵਿਚੋਲਗੀ ਤੋਂ ਪਿੱਛੇ ਹਟਣ ਮਗਰੋਂ ਨਵੇਂ ਸਾਲ ਵਿੱਚ ਦੋਵੇਂ ਸੂਬਿਆਂ ਦੀ ਇਹ ਪਹਿਲੀ ਮੀਟਿੰਗ ਸੀ। ਬਿਨਾਂ ਕਿਸੇ ਤੱਥਾਂ 'ਤੇ ਚਰਚਾ ਕੀਤੇ ਦੋਵੇਂ ਮੁੱਖ ਮੰਤਰੀਆਂ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਅਧਿਕਾਰੀ ਆਪਣੇ ਪੱਧਰ 'ਤੇ ਚਰਚਾ ਕਰਨਗੇ ਅਤੇ ਜੋ ਤੱਥ ਸਾਹ-ਮਣੇ ਆਉਣਗੇ, ਉਨ੍ਹਾਂ 'ਤੇ ਮੁੱਖ ਮੰਤਰੀ ਬਾਅਦ ਵਿੱਚ ਗੱਲਬਾਤ ਕਰਨਗੇ। ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਅਗਲੀ ਸੁਣਵਾਈ 8 ਅਪਰੈਲ ਨੂੰ ਹੋਵੇਗੀ।



ਪੰਜਾਬ ਦੇ ਮੁੱਖ ਸਕੱਤਰ ਕੇ ਏ ਪੀ ਸਿਨਹਾ ਨੇ ਜਦੋਂ ਪਾਣੀਆਂ ਦੇ ਮਾਮਲੇ ਦਾ ਪਿਛੋਕੜ ਤਰਤੀਬਵਾਰ ਦੱਸਣਾ ਸ਼ੁਰੂ ਕੀਤਾ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਟੋਕਦਿਆਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਹੁਣ ਸਭ ਜਾਣੂ ਹੀ ਹਨ। ਮਾਨ ਅਤੇ ਨਾਇਬ ਸਿੰਘ ਸੈਣੀ ਨੇ ਮੀਟਿੰਗ 'ਚ ਕਿਹਾ ਕਿ ਇਸ ਮੁੱਦੇ ਦਾ ਪਿਆਰ ਨਾਲ ਹੱਲ ਕੱਢਣਾ ਹੈ ਅਤੇ ਦੋਵੇਂ ਸੂਬਿਆਂ ਦਾ ਮਾਹੌਲ ਖ਼ਰਾਬ ਨਹੀਂ ਕਰਨਾ। ਸੂਤਰ ਦੱਸਦੇ ਹਨ ਕਿ ਪਾਣੀਆਂ ਦੇ ਮੁੱਦੇ 'ਤੇ ਦੋਵੇਂ ਸੂਬਿਆਂ ਦੇ ਮੁੱਖ ਸਕੱਤਰ ਵੀ ਗੱਲਬਾਤ ਲਈ ਬੈਠ ਸਕਦੇ ਹਨ। ਮੀਟਿੰਗ ਮਗਰੋਂ ਦੋਵੇਂ ਮੁੱਖ ਮੰਤਰੀਆਂ ਨੇ ਸਾਂਝੀ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਗੱਲਬਾਤ ਸੁਖਾਵੇਂ ਮਾਹੌਲ 'ਚ ਹੋਈ ਹੈ ਅਤੇ ਇਸ ਦੇ ਨਤੀਜੇ ਸਾਰਥਿਕ ਨਿਕਲਣ-ਗੇ। ਮਾਨ ਨੇ ਕਿਹਾ ਕਿ ਇਸ ਮਾਮਲੇ 'ਚ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ। ਉਨ੍ਹਾਂ ਕਿਹਾ, ''ਅਸੀਂ ਭਾਈ ਘਨ੍ਹੱਈਆ ਜੀ ਦੇ ਵਾਰਸ ਹਾਂ, ਜੋ ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਉਂਦੇ ਸਨ। ਹਰਿਆਣਾ ਸਾਡਾ ਦੁਸ਼ਮਣ ਨਹੀਂ, ਭਰਾ ਹੈ।'' ਉਨ੍ਹਾਂ ਕਿਹਾ ਕਿ ਪੰਜਾਬ ਹਰਿਆਣਾ ਦਾ ਵੱਡਾ ਭਰਾ ਹੋਣ ਦੇ ਨਾਤੇ ਗੁਆਂਢੀ ਸੂਬੇ ਨਾਲ ਕੋਈ ਵੈਰ ਵਿਰੋਧ ਨਹੀਂ ਚਾਹੁੰਦਾ। ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪਹਿਲਾਂ ਪਾਣੀਆਂ ਦਾ ਫ਼ੈਸਲਾ ਤਾਂ ਕਰ ਲਈਏ, ਫਿਰ ਨਹਿਰ ਵੀ ਬਣਾ ਲਵਾਂਗੇ। ਹਰਿਆਣਾ ਦੇ ਮੁੱਖ ਮੰਤਰੀ ਨਾਇਬਿ ਸੰਘ ਸੈਣੀ ਨੇ ਵੀ ਮੀਟਿੰਗ ਦੇ ਮਾਹੌਲ ਨੂੰ ਸੁਖਾਵਾਂ ਦੱਸਦਿਆਂ ਕਿਹਾ ਕਿ ਹੁਣ ਅਧਿਕਾਰੀ ਪੱਧਰ ਦੀ ਗੱਲਬਾਤ ਨਾਲ ਅੱਗੇ ਵਧਿਆ ਜਾਵੇਗਾ। ਮੀਟਿੰਗ ਵਿੱਚ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਹਰਿਆਣਾ ਦੇ ਸਿੰਜਾਈ ਮੰਤਰੀ ਸ਼ਰੂਤੀ ਚੌਧਰੀ ਵੀ ਹਾਜ਼ਰ ਸਨ।

# ਹਿਮਾਚਲ 'ਚ ਫਿਰ ਭਾਰੀ ਬਰਫ਼ਬਾਰੀ, ਭਰਮੌਰ ਵਿੱਚ ਡਿੱਗਿਆ ਗਲੇਸ਼ੀਅਰ

**ਚੰਡੀਗੜ੍ਹ ।** ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਬੀਤੀ ਰਾਤ ਬਰਫ਼ਬਾਰੀ ਹੋਈ, ਜਦੋਂ ਕਿ ਹੇਠਲੇ ਇਲਾਕਿਆਂ ਵਿੱਚ ਦਰਮਿਆਨੀ ਬਾਰਿਸ਼ ਹੋਈ। ਭਾਰੀ ਬਰਫ਼ਬਾਰੀ ਤੋਂ ਬਾਅਦ, ਬੀਤੀ ਰਾਤ ਚੰਬਾ ਦੇ ਭਰਮੌਰ ਦੀ ਪੂਲਨ ਪੰਚਾਇਤ ਵਿੱਚ ਇੱਕ ਵੱਡਾ ਗਲੇਸ਼ੀਅਰ ਢਹਿ ਗਿਆ, ਜਿਸ ਨਾਲ ਦੋ ਪਿਕਅੱਪ ਟਰੱਕ ਅਤੇ ਤਿੰਨ ਦੁਕਾਨਾਂ ਤਬਾਹ ਹੋ ਗਈਆਂ। ਇਸ ਦੌਰਾਨ, ਰਾਤ 10:30 ਵਜੇ ਸਪੀਤੀ ਵਿੱਚ ਬਰਫ਼ੀਲਾ ਤੂਫ਼ਾਨ ਆਇਆ। ਚੰਬਾ, ਲਾਹੌਲ-ਸਪੀਤੀ ਅਤੇ ਕੁੱਲੂ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਭਾਰੀ ਬਰਫ਼ਬਾਰੀ ਹੋਈ। ਊਨਾ, ਹਮੀਰਪੁਰ ਅਤੇ ਬਿਲਾਸਪੁਰ ਨੂੰ ਛੱਡ ਕੇ ਸਾਰੇ ਨੌਂ ਜ਼ਿਲ੍ਹਿਆਂ ਦੀਆਂ ਉੱਚੀਆਂ ਥਾਵਾਂ 'ਤੇ ਬਰਫ਼ ਪਈ। ਪ੍ਰਸਿੱਧ ਸੈਲਾਨੀ ਸਥਾਨ ਮਨਾਲੀ ਅਤੇ ਭਰਮੌਰ ਵਿੱਚ 1.5 ਫੁੱਟ ਤਾਜ਼ਾ ਬਰਫ਼ਬਾਰੀ ਹੋਈ। ਰੋਹਤਾਂਗ ਦੱਰੇ 'ਤੇ



ਤਿੰਨ ਫੁੱਟ, ਕੇਲੋਂਗ ਵਿੱਚ ਦੋ, ਗੋਂਡਲਾ ਵਿੱਚ 1.5, ਕਲਪਾ ਵਿੱਚ 1.5, ਰੇਕੋਂਗ ਪੀਓ ਅਤੇ ਕੁਫਰੀ ਵਿੱਚ ਛੇ ਇੰਚ, ਨਾਰਕੰਡਾ ਵਿੱਚ ਅੱਠ, ਰਿਜ 'ਤੇ ਇੱਕ ਇੰਚ ਅਤੇ ਜਾਖੂ ਵਿੱਚ ਤਿੰਨ ਇੰਚ ਬਰਫ਼ ਪਈ। ਨਤੀਜੇ ਵਜੋਂ, ਚੰਬਾ, ਕੁੱਲੂ ਅਤੇ ਲਾਹੌਲ-ਸਪੀਤੀ ਦੇ ਸੈਂਕੜੇ ਪਿੰਡ ਜ਼ਿਲ੍ਹਾ ਹੈੱਡਕੁਆਰਟਰ ਤੋਂ ਕੱਟ ਗਏ। ਬਰਫ਼ਬਾਰੀ ਤੋਂ ਬਾਅਦ ਫਿਸਲਣ ਕਾਰਨ ਸੜਕਾਂ ਖ਼ਤਰਨਾਕ ਹੋ ਗਈਆਂ ਹਨ। ਕੱਲ੍ਹ ਰਾਤ ਮਨਾਲੀ ਵਿੱਚ ਇੱਕ ਕਾਰ 360 ਡਿਗਰੀ ਘੁੰਮ ਗਈ। ਖੁਸ਼ਕਿਸਮਤੀ ਨਾਲ, ਅੱਗੇ ਕੋਈ ਵਾਹਨ ਨਹੀਂ ਖੜ੍ਹੇ ਸਨ ਅਤੇ ਸੜਕ ਸਿੱਧੀ ਸੀ। ਇਸ ਨਾਲ ਕਾਰ ਰੁਕ ਗਈ। ਇਸ ਦੇ ਮੱਦੇਨਜ਼ਰ, ਸੈਲਾਨੀਆਂ ਅਤੇ ਸਥਾਨਕ ਲੋਕਾਂ ਨੂੰ ਬਰਫ਼ 'ਤੇ ਸਾਵਧਾਨੀ ਨਾਲ ਗੱਡੀ ਚਲਾਉਣ ਦੀ ਸਲਾਹ ਦਿੱਤੀ ਗਈ ਹੈ।

## ਸੋਨੇ ਅਤੇ ਚਾਂਦੀ ਦੀ ਚਮਕ ਨੇ ਬਣਾਇਆ ਨਵਾਂ ਰਿਕਾਰਡ, ਚਾਂਦੀ ’ਚ 15 ਹਜ਼ਾਰ ਰੁਪਏ ਦੀ ਤੇਜ਼ੀ, ਸੋਨਾ ਵੀ 5000 ਰੁਪਏ ਵਧਿਆ

**ਨਵੀਂ ਦਿੱਲੀ।** ਕੌਮਾਂਤਰੀ ਬਾਜ਼ਾਰਾਂ ’ਚ ਮਜ਼ਬੂਤ ਖਰੀਦਦਾਰੀ ਦੇ ਰੁਝਾਨ ਦੇ ਮੱਦੇਨਜ਼ਰ ਦੇਸ਼ ਦੀ ਰਾਜਧਾਨੀ ’ਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ’ਚ ਗਿਰਾਵਟ ਆਉਣ ਦੇ ਕੋਈ ਸੰਕੇਤ ਨਹੀਂ ਮਿਲ ਰਹੇ ਹਨ। ਬਾਜ਼ਾਰਾਂ ਮੁਤਾਬਕ ਚਾਂਦੀ ਦੀ ਕੀਮਤ ਲਗਾਤਾਰ ਤੀਜੇ ਦਿਨ 15,000 ਰੁਪਏ ਜਾਂ 4.05 ਫ਼ੀ ਸਦੀ ਦੇ ਵਾਧੇ ਨਾਲ 3,85,000 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਸੱਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਈ। ਸਰਾਫਾ ਬਾਜ਼ਾਰਾਂ ’ਚ 99.9 ਫ਼ੀ ਸਦੀ ਸ਼ੁੱਧਤਾ ਵਾਲਾ ਸੋਨਾ ਵੀ 5,000 ਰੁਪਏ ਜਾਂ 3 ਫ਼ੀ ਸਦੀ ਵਧ ਕੇ 1,71,000 ਰੁਪਏ ਪ੍ਰਤੀ 10 ਗ੍ਰਾਮ ਉਤੇ ਪਹੁੰਚ ਗਿਆ। ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ - ਕਮੋਡਿਟੀਜ਼ ਸੌਮਿਲ ਗਾਂਧੀ ਨੇ ਕਿਹਾ, ‘‘ਸੋਨੇ ਅਤੇ ਚਾਂਦੀ ਦੀ ਕੀਮਤ ਵਿਚ ਇਕ ਮਜ਼ਬੂਤ ਅਤੇ ਨਿਰੰਤਰ ਵਾਧਾ ਜਾਰੀ ਹੈ, ਜਿਸ ਨਾਲ ਤੇਜੜੀਆਂ ਨੂੰ ਕੀਮਤਾਂ ਨੂੰ ਵਧਾਉਣ ਲਈ ਲਗਭਗ ਹਰ



ਰੋਜ਼ ਨਵੇਂ ਉਤਪ੍ਰੇਰਕ ਮਿਲ ਰਹੇ ਹਨ।’’ ਉਨ੍ਹਾਂ ਕਿਹਾ ਕਿ ਇਸ ਰੁਝਾਨ ਨੂੰ ਮੁੱਖ ਤੌਰ ਉਤੇ ਭੂ-ਸਿਆਸੀ ਤਣਾਅ ਅਤੇ ਵਪਾਰ ਨਾਲ ਸਬੰਧਤ ਨਿਰੰਤਰ ਅਨਿਸ਼ਚਿਤਤਾਵਾਂ ਦਾ ਸਮਰਥਨ ਮਿਲਿਆ ਹੈ, ਜਿਸ ਨੇ ਕੀਮਤੀ ਧਾਤਾਂ ਦੀ ਸੁਰੱਖਿਅਤ ਪਨਾਹਗਾਹ ਦੀ ਮੰਗ ਨੂੰ ਵਧਾ ਦਿਤਾ ਹੈ।

## ਕਾਂਗੜਾ ‘ਚ ਸਕੂਲ ਬੱਸ ਹਾਦਸਾ: ਜੈਸਿੰਘਪੁਰ ਨੇੜੇ ਪਲਟੀ ਬੱਸ, 6 ਵਿਦਿਆਰਥੀਆਂ ਸਮੇਤ 10 ਜ਼ਖ਼ਮੀ




**ਹਿਮਾਚਲ।** ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ, ਜਿਸ ਨਾਲ ਇਲਾਕੇ ਵਿੱਚ ਹੜਕੰਪ ਮਚ ਗਿਆ। ਜੈਸਿੰਘਪੁਰ ਉਪ-ਮੰਡਲ ਦੇ ਸ਼ਿਵਨਗਰ ਨੇੜੇ ਲਾਹਟ-ਸ਼ਿਵਨਗਰ ਲਿੰਕ ਰੋਡ ‘ਤੇ ਇੱਕ ਨਿੱਜੀ ਸਕੂਲ ਦੀ ਬੱਸ ਅਚਾਨਕ ਬੇਕਾਬੂ ਹੋ ਕੇ ਪਲਟ ਗਈ। ਇਸ ਹਾਦਸੇ ਵਿੱਚ ਬੱਸ ‘ਚ ਸਵਾਰ 6 ਸਕੂਲੀ ਬੱਚਿਆਂ ਸਮੇਤ ਕੁੱਲ 10 ਲੋਕ ਜ਼ਖ਼ਮੀ ਹੋ ਗਏ। ਜਾਣਕਾਰੀ ਮੁਤਾਬਕ, ਹਾਦਸੇ ਵੇਲੇ ਬੱਸ ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਸੀ। ਬੱਸ ਦੇ ਪਲਟਦੇ ਹੀ ਬੱਚਿਆਂ ਵਿੱਚ ਚੀਕ-ਚਿਲਲ ਮਚ ਗਈ ਅਤੇ ਸਥਾਨਕ ਲੋਕ ਤੁਰੰਤ ਮੌਕੇ ‘ਤੇ ਪਹੁੰਚ ਗਏ। ਹਾਦਸੇ ਵਿੱਚ 6 ਵਿਦਿਆਰਥੀਆਂ ਤੋਂ ਇਲਾਵਾ 2 ਅਧਿਆਪਕ, ਬੱਸ ਦਾ ਡਰਾਈਵਰ ਅਤੇ ਕੰਡਕਟਰ ਵੀ ਜ਼ਖ਼ਮੀ ਹੋਏ ਹਨ। ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨ ਦੀ ਟੀਮ ਮੌਕੇ ‘ਤੇ ਪਹੁੰਚੀ ਅਤੇ ਬਚਾਅ ਕਾਰਜ ਸ਼ੁਰੂ ਕੀਤੇ ਗਏ। ਸਾਰੇ ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਪਾਲਮਪੁਰ ਸਿਵਲ ਹਸਪਤਾਲ ਭੇਜਿਆ ਗਿਆ, ਜਿੱਥੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦਿੱਤੀ ਜਾ ਰਹੀ ਹੈ। ਖੁਸ਼ਕਿਸਮਤੀ ਨਾਲ ਕਿਸੇ ਦੀ ਹਾਲਤ ਗੰਭੀਰ ਨਹੀਂ ਦੱਸੀ ਜਾ ਰਹੀ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬੱਸ ਡਰਾਈਵਰ ਅਤੇ ਹੋਰ ਜ਼ਖ਼ਮੀਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਦਸਾ ਕਿਵੇਂ ਵਾਪਰਿਆ, ਇਸ ਦੇ ਕਾਰਨਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਸਕੂਲ ਬੱਸ ਦੇ ਹਾਦਸੇ ਨੇ ਇਕ ਵਾਰ ਫਿਰ ਸਕੂਲੀ ਵਾਹਨਾਂ ਦੀ ਸੁਰੱਖਿਆ ‘ਤੇ ਸਵਾਲ ਖੜੇ ਕਰ ਦਿੱਤੇ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਦਰਬਾਰ ਸਾਹਿਬ ਦੇ ਸਰੋਵਰ 'ਚ ਵਜ਼ੂ ਕਰਨ ਵਾਲੇ ਨੂੰ 3 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ

**ਅੰਮ੍ਰਿਤਸਰ ।** ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰਵੋਰ ’ਚ ਵਜ਼ੂ ਕਰਕੇ ਬੇਅਦਬੀ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਨੌਜਵਾਨ ਸੁਭਾਨ ਰੰਗਰੇਜ਼ ਨੂੰ ਅੱਜ ਅੰਮ੍ਰਿਤਸਰ ਪੁਲਿਸ ਵਲੋਂ ਅਦਾਲਤ ’ਚ ਪੇਸ਼ ਕੀਤਾ ਗਿਆ। ਸੁਣਵਾਈ ਤੋਂ ਬਾਅਦ ਅਦਾਲਤ ਨੇ ਸੁਭਾਨ ਰੰਗਰੇਜ਼ ਨੂੰ ਤਿੰਨ ਦਿਨ ਦੇ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ।

ਜ਼ਿਕਰਯੋਗ ਹੈ ਕਿ ਸੁਭਾਨ ਰੰਗਰੇਜ਼ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ’ਚ ਵਜ਼ੂ ਕੀਤਾ ਸੀ ਅਤੇ ਇਸ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਧਿਆਨ ਵਿਚ ਆਇਆ ਸੀ ਅਤੇ ਇਸ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



ਅਤੇ ਸਿੱਖ ਸੰਗਤਾਂ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ ਸੀ। ਸਿੱਖ ਸੰਗਤਾਂ ਵੱਲੋਂ ਸਬੰਧਤ ਵਿਅਕਤੀ ਖ਼ਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਉਠੀ ਸੀ। ਇਸ ਤੋਂ ਬਾਅਦ ਸੁਭਾਨ ਰੰਗਰੇਜ਼ ਨੇ ਮੁਆਫ਼ੀ ਵੀ ਮੰਗ ਲਈ। ਬੀਤੇ ਦਿਨੀਂ ਪੰਜਾਬ ਪੁਲਿਸ ਨੇ ਸੁਭਾਨ ਰੰਗਰੇਜ਼ ਨੂੰ ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਤੋਂ ਗ੍ਰਿਫ਼ਤਾਰ ਕੀਤਾ ਸੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਡੂੰਘੀ ਖੱਡ ਵਿੱਚ ਥਾਰ ਡਿੱਗਣ ਕਾਰਨ 1 ਨੌਜਵਾਨ ਦੀ ਮੌਤ, 3 ਗੰਭੀਰ ਜ਼ਖ਼ਮੀ



**ਪੰਚਕੂਲਾ।** ਮੋਰਨੀ ਖੇਤਰ ਵਿੱਚ ਅੱਜ ਸਵੇਰੇ ਇੱਕ ਥਾਰ ਕੰਟਰੋਲ ਗੁਆ ਬੈਠੀ ਅਤੇ ਡੂੰਘੀ ਖੱਡ ਵਿੱਚ ਡਿੱਗ ਗਈ। ਹਾਦਸੇ ਦੇ ਸਮੇਂ ਕਾਰ ਵਿੱਚ ਚਾਰ ਲੋਕ ਸਵਾਰ ਸੀ। ਇੱਕ ਵਿਅਕਤੀ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦਕਿ ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ। ਥਾਰ ਸਵਾਰ ਮੋਰਨੀ ਤੋਂ ਪੰਚਕੂਲਾ ਵਾਪਸ ਆ ਰਹੇ ਸਨ। ਪੁਲੀਸ ਨੂੰ ਸਵੇਰੇ ਡਾਇਲ 112 ਰਾਹੀਂ ਸੂਚਨਾ ਮਿਲੀ। ਸੂਚਨਾ ਮਿਲਦੇ ਹੀ ਪੁਲੀਸ ਅਤੇ ਬਚਾਅ ਟੀਮਾਂ ਮੌਕੇ ਤੇ ਪਹੁੰਚੀਆਂ। ਜ਼ਖਮੀਆਂ ਨੂੰ ਤੁਰੰਤ ਪੰਚਕੂਲਾ ਦੇ ਸੈਕਟਰ 6 ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਐਸਐਚਓ ਚੰਡੀਮੰਦਰ ਵੀ ਮੌਕੇ ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

## ਮੁਹਾਲੀ ਦੇ ਐਸ ਐਸ ਪੀ ਦਫਤਰ ਦੇ ਬਾਹਰ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ



**ਐਸ ਏ ਐਸ ਨਗਰ।** ਅੱਜ ਦੁਪਹਿਰ ਵੇਲੇ ਇੱਕ ਮੋਟਰ ਸਾਈਕਲ ਤੇ ਆਏ ਦੋ ਵਿਅਕਤੀਆਂ ਵਲੋਂ ਮੁਹਾਲੀ ਦੇ ਐਸ ਐਸ ਪੀ ਆਫਿਸ ਦੇ ਬਾਹਰ ਆਪਣੀ ਕਾਰ ਵਿੱਚ ਬੈਠ ਰਹੇ ਗੁਰਵਿੰਦਰ ਸਿੰਘ ਗੁਰੀ ਨਾਮ ਦੇ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜਿਲ੍ਹਾ ਪ੍ਰਸ਼ਾਸ਼ਕੀ ਕਾਂਪਲੈਕਸ ਦੇ ਬਾਹਰਵਾਰ ਹੋਈ ਇਸ ਵਾਰਦਾਤ ਨੇ ਜਿੱਥੇ ਕਾਨੂੰਨ ਵਿਵਸਥਾ ਦੀ ਹਾਲਤ ਤੇ ਭਾਰੀ ਸਵਾਲ ਖੜ੍ਹੇ ਕਰ ਦਿੱਤੇ ਹਨ ਉੱਥੇ ਇਸ ਕਾਰਨ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ ਨਾਮ ਦਾ ਇਹ ਨੌਜਵਾਨ ਆਪਣੀ ਕਾਰ ਤੇ ਇੱਥੇ ਆਇਆ ਸੀ ਅਤੇ ਉਸਦੀ ਪਤਨੀ ਵੀ ਉਸਦੇ ਨਾਲ ਸੀ। ਜਿਲ੍ਹਾ ਪ੍ਰਸ਼ਾਸ਼ਕੀ ਕਾਂਪਲੈਕਸ ਤੋਂ ਬਾਹਰ ਨਿਕਲ ਕੇ ਉਹ ਆਪਣੀ ਕਾਰ ਵਿੱਚ ਬੈਠਣ ਲੱਗਿਆ ਸੀ ਜਦੋਂ ਉੱਥੇ ਇੱਕ ਮੋਟਰ ਸਾਈਕਲ ਤੇ ਆਏ ਦੋ ਨੌਜਵਾਨਾਂ ਵਲੋਂ ਉਸਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪ੍ਰਤੱਖ ਦਰਸ਼ੀਆਂ ਅਨੁਸਾਰ ਇਹਨਾਂ ਦੋਵਾਂ ਨੌਜਵਾਨਾਂ ਵਿੱਚੋਂ ਇੱਕ ਸਰਦਾਰ ਸੀ ਜਿਹੜਾ ਮੋਟਰ ਸਾਈਕਲ ਤੇ ਹੀ ਬੈਠਾ ਰਿਹਾ ਜਦੋਂਕਿ ਦੂਜਾ ਵਿਅਕਤੀ (ਜਿਸਨੇ ਟੋਪੀ ਪਾਈ ਹੋਈ ਸੀ)ਮੋਟਰ ਸਾਈਕਲ ਤੋਂ ਉਤਰ ਕੇ ਗੋਲੀਆਂ ਚਲਾਉਣ ਲੱਗ ਗਿਆ। ਇਸ ਦੌਰਾਨ 14 ਤੋਂ 15 ਰਾਉਂਡ ਫਾਇਰਿੰਗ ਹੋਣ ਦੀ ਗੱਲ ਦੱਸੀ ਜਾ ਰਹੀ ਹੈ। ਇਸ ਦੌਰਾਨ ਮ੍ਰਿਤਕ ਦੀ ਪਤਨੀ ਵਲੋਂ ਆਪਣੇ ਬਚਾਉ ਲਈ ਰੌਲਾ ਪਾਇਆ ਗਿਆ ਤਾਂ ਹਮਲਾਵਰ ਵਲੋਂ ਉਸਤੇ ਵੀ ਗੋਲੀਆਂ ਚਲਾਈਆਂ ਗਈਆਂ ਪਰੰਤੂ ਉਸਦਾ ਬਚਾਓ ਹੋ ਗਿਆ। ਮ੍ਰਿਤਕ ਗੁਰਵਿੰਦਰ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ।ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਫਾਇਰਿੰਗ ਦੀ ਸੂਚਨਾ ਮਿਲਦੇ ਹੀ ਡੀ ਆਈ ਜੀ ਨਾਨਕ ਸਿੰਘ, ਐਸ ਐਸ ਪੀ ਹਰਮਨਦੀਪ ਸਿੰਘ ਹਾਂਸ, ਡੀ ਐਸ ਪੀ ਸਿਟੀ 2 ਸਜ਼. ਹਰਸਿਮਰਨ ਸਿੰਘ ਬੱਲ ਅਤੇ ਹੋਰ ਤੁਰੰਤ ਮੌਕੇ ਤੇ ਪਹੁੰਚ ਗਏ।

# ਅਜੀਤ ਪਵਾਰ ਮੌਤ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਵੇ: ਮਮਤਾ; ਵਿਰੋਧੀ ਧਿਰਾਂ ਵੱਲੋਂ ਮੰਗ ਦੀ ਹਮਾਇਤ

**ਕੋਲਕਾਤਾ/ਨਵੀਂ ਦਿੱਲੀ**

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਜਹਾਜ਼ ਹਾਦਸੇ ਵਿਚ ਮੌਤ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਬੈਨਰਜੀ ਨੇ ਦਾਅਵਾ ਕੀਤਾ ਕਿ 'ਬਾਕੀ ਹੋਰ ਏਜੰਸੀਆਂ' ਜਾਂਚ ਨਾਲ ਸਮਝੌਤਾ ਕਰ ਸਕਦੀਆਂ ਹਨ। ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੌਜੂਦਾ ਚੌਖਟੇ ਰਾਹੀਂ ਸੱਚਾਈ ਸਾਹਮਣੇ ਨਹੀਂ ਆਏਗੀ ਤੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਸਿਰਫ਼ ਜਾਂਚ ਹੀ ਭਰੋਸੇਯੋਗ ਹੋਵੇਗੀ। ਮੁੱਖ ਮੰਤਰੀ ਨੇ ਸਿੰਗੂਰ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਕਿਹਾ, ''ਅਸੀਂ ਸਿਰਫ਼ ਸੁਪਰੀਮ ਕੋਰਟ 'ਤੇ ਭਰੋਸਾ ਕਰਦੇ ਹਾਂ। ਬਾਕੀ ਸਾਰੀਆਂ ਏਜੰਸੀਆਂ ਨਾਲ ਪੂਰੀ ਤਰ੍ਹਾਂ ਸਮਝੌਤਾ ਕੀਤਾ ਗਿਆ ਹੈ।''



ਬੈਨਰਜੀ ਨੇ ਹਾਲੀਆ ਰਿਪੋਰਟਾਂ ਦੇ ਹਵਾਲੇ ਨਾਲ ਇਸ਼ਾਰਾ ਕੀਤਾ ਕਿ ਅਜੀਤ ਪਵਾਰ ਆਪਣੇ ਚਾਚਾ ਸ਼ਰਦ ਪਵਾਰ ਦੀ ਅਗਵਾਈ ਵਾਲੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਧੜੇ 'ਛਫ (ਸ਼ਫ) ਵਿੱਚ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਸਨ। ਮੁੱਖ ਮੰਤਰੀ ਨੇ ਕਿਹਾ, ''ਅਜੀਤ ਪਵਾਰ ਦੀ ਮੌਤ ਦੀ ਖ਼ਬਰ ਦੇਖ ਕੇ ਮੈਂ ਸੱਚਮੁੱਚ ਹੈਰਾਨ ਹਾਂ। ਇਹ ਦਰਸਾਉਂਦਾ ਹੈ ਕਿ ਇਸ ਦੇਸ਼ ਵਿੱਚ ਕੋਈ ਸੁਰੱਖਿਅਤ ਨਹੀਂ ਹੈ, ਇੱਥੋਂ ਤੱਕ ਕਿ ਸਿਆਸੀ ਆਗੂ ਵੀ ਨਹੀਂ।''ਉਧਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਸਣੇ ਵਿਰੋਧੀ ਪਾਰਟੀਆਂ ਦੇ ਕਈ ਆਗੂਆਂ ਨੇ ਮਮਤਾ ਦੀ ਉਪਰੋਕਤ ਮੰਗ ਦੀ ਹਮਾਇਤ ਕੀਤੀ ਹੈ। ਖੜਗੇ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਮੌਤ 'ਤੇ ਸੋਗ ਜਤਾਉਂਦਿਆਂ ਕਿਹਾ ਕਿ ਉਹ ਮਮਤਾ ਵੱਲੋਂ ਕੀਤੀ ਮੰਗ ਦਾ ਸਮਰਥਨ ਕਰਦੇ ਹਨ। ਬੈਨਰਜੀ ਵੱਲੋਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕਰਨ ਬਾਰੇ ਪੁੱਛਣ 'ਤੇ ਖੜਗੇ ਨੇ ਕਿਹਾ ਕਿ ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਇੱਕ ਹਾਦਸਾ ਹੈ। ਖੜਗੇ ਨੇ ਕਿਹਾ, ''ਹਰ ਕੋਈ, ਸਾਰੇ ਆਗੂ ਜ਼ਰੂਰੀ ਕੰਮ ਲਈ ਯਾਤਰਾ ਕਰਦੇ ਰਹਿੰਦੇ ਹਨ। ਪਰ ਬਹੁਤ ਸਾਰੇ ਮਾਮਲਿਆਂ ਵਿੱਚ, ਅਸੀਂ ਅਹਿਮਦਾਬਾਦ ਵਿੱਚ ਦੇਖਿਆ ਕਿ ਕਿਵੇਂ ਇੱਕ ਵੱਡਾ ਜਹਾਜ਼ ਹਾਦਸਾਗ੍ਰਸਤ ਹੋ ਗਿਆ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਨੈਸ਼ਨਲ ਸਕੂਲ ਖੇਡਾਂ ਚ ਮੋਰਿੰਡਾ ਦੀਆਂ ਲੜਕੀਆਂ ਨੇ ਸਿਲਵਰ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਕੀਤਾ ਰੋਸ਼ਨ

## ਜੇਤੂ ਲੜਕੀਆਂ ਦਾ ਦਸਮੇਸ਼ ਸਪੋਰਟਸ ਕਲੱਬ ਮੋਰਿੰਡਾ ਵਲੋਂ ਸ਼ਾਨਦਾਰ ਸਵਾਗਤ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ):** ਗੁਜਰਾਤ ਵਿੱਚ ਹੋਈਆਂ ਨੈਸ਼ਨਲ ਸਕੂਲ ਖੇਡਾਂ 69 ਵਿੱਚ ਪੰਜਾਬ ਦੀ ਹੈਂਡਬਾਲ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਸਮੇਸ਼ ਸਪੋਰਟਸ ਕਲੱਬ ਮੋਰਿੰਡਾ ਦੇ ਸੂਪਰਸਤ ਰੁਪਿੰਦਰ ਸਿੰਘ ਨੰਬਰਦਾਰ ਨੇ ਦਸਿਆ ਕਿ ਬੀਤੇ ਦਿਨੀਂ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਸਕੂਲ ਖੇਡਾਂ 69 ਗੁਜ਼ਰਾਤ ਵਿਖੇ ਕਰਵਾਈਆਂ ਗਈਆਂ। ਇਸ ਵਿਚ ਦੇਸ਼ ਭਰ ਦੇ ਪੰਜਾਬ ਸਮੇਤ ਵੱਖ ਵੱਖ ਰਾਜਾਂ ਵਿਚੋਂ ਸਕੂਲਾਂ ਦੇ ਖਿਡਾਰੀਆਂ ਦੀਆਂ 25 ਟੀਮਾਂ ਨੇ ਖੇਡਾਂ ਵਿਚ ਭਾਗ ਲਿਆ। ਇਸੇ ਲੜੀ ਤਹਿਤ ਹੈਂਡਬਾਲ ਲੜਕੀਆਂ ਅੰਡਰ 17 ਸਾਲ ਦੇ ਹੋਏ ਫਾਈਨਲ ਮੈਚ ਵਿੱਚ ਗੁਜਰਾਤ ਦੀ ਤਾਕਤਵਰ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂ ਕਿ ਪੰਜਾਬ ਦੀ ਟੀਮ ਨੇ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਤੇ ਕਬਜ਼ਾ ਕੀਤਾ।

ਸਿਲਵਰ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਉਹਨਾਂ ਦੱਸਿਆ ਕਿ ਗੁਜਰਾਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਿਲਵਰ ਮੈਡਲ ਜਿੱਤਣ ਵਾਲੀ ਪੰਜਾਬ ਦੀ ਲੜਕੀਆਂ ਅੰਡਰ 17 ਸਾਲ ਟੀਮ ਵਿੱਚ ਦੋ ਲੜਕੀਆਂ ਆਂਚਲ ਅਤੇ ਅੰਜਲੀ ਦਸਮੇਸ਼ ਸਪੋਰਟਸ ਕਲੱਬ ਮੋਰਿੰਡਾ ਦੀਆਂ ਖਿਡਾਰਨਾਂ ਹਨ। ਉਹਨਾਂ ਦੱਸਿਆ ਕਿ ਕੌਮੀ ਪੱਧਰ ਤੇ ਨਾਮ ਰੌਸ਼ਨ ਕਰਨ ਵਾਲੀਆਂ ਲੜਕੀਆਂ ਆਂਚਲ ਅਤੇ



ਅੰਜਲੀ ਦਾ ਅੱਜ ਮੋਰਿੰਡਾ ਪੁੱਜਣ ਤੇ ਨਗਰ ਕੌਂਸਲ ਮੋਰਿੰਡਾ ਅਤੇ ਦਸ਼ਮੇਸ਼ ਸਪੋਰਟਸ ਕਲੱਬ ਮੋਰਿੰਡਾ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ

ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਨੇ ਕੌਮੀ ਪੱਧਰ ਤੇ ਮੋਰਿੰਡਾ ਸ਼ਹਿਰ ਦਾ ਨਾਮ ਰੌਸ਼ਨ ਕਰਨ ਵਾਲੀਆਂ ਲੜਕੀਆਂ ਆਂਚਲ, ਅੰਜਲੀ ਅਤੇ ਦਸ਼ਮੇਸ਼ ਸਪੋਰਟਸ ਕਲੱਬ ਦੇ ਕੋਚ ਚੋਧਰੀ ਰਾਜੇਸ਼ ਕੁਮਾਰ ਸੰਮਾਂ, ਕੋਚ ਪਵਨ ਕੁਮਾਰ ਪੰਮਾ , ਅਰੁਣ ਲੱਕੀ ਅਤੇ ਸੁਰਿੰਦਰ ਸਿੰਦਰੀ ਨੂੰ ਵਧਾਈਆਂ ਦਿੰਦਿਆਂ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿੱਤਾ। ਉਹਨਾਂ ਦੱਸਿਆ ਕਿ ਦਸਮੇਸ਼ ਸਪੋਰਟਸ ਕਲੱਬ ਮੋਰਿੰਡਾ ਵਲੋਂ ਬਹੁਤ ਸਾਰੇ ਕੌਮੀ ਪੱਧਰ ਦੇ ਖਿਡਾਰੀ, ਲੜਕੀਆਂ ਅਤੇ ਲੜਕੇ ਪੈਦਾ ਕੀਤੇ ਹਨ ਜ਼ੋ ਅੱਜ ਦੇਸ਼ ਭਰ ਵਿਚ ਪੰਜਾਬ ਅਤੇ ਮੋਰਿੰਡਾ ਸ਼ਹਿਰ ਦਾ ਨਾਮ ਰੌਸ਼ਨ ਕਰ ਰਹੇ ਹਨ। ਇਸ ਮੌਕੇ ਹਾਜ਼ਰ ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ ਨੇ ਵੀ ਦਸਮੇਸ਼ ਸਪੋਰਟਸ ਕਲੱਬ ਮੋਰਿੰਡਾ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕੌਮੀ ਪੱਧਰ ਤੇ ਪੰਜਾਬ ਦਾ ਨਾਮ ਚਮਕਾਉਣ ਵਾਲੀਆਂ ਲੜਕੀਆਂ ਆਂਚਲ ਅਤੇ ਅੰਜਲੀ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ ਸੋਢੀ, ਸੰਦੀਪ ਕੁਮਾਰ ਸੋਨੂੰ, ਸੁਰਜੀਤ ਕੁਮਾਰ, ਕਲੱਬ ਦੇ ਮੀਤ ਪ੍ਰਧਾਨ ਕ੍ਰਿਸਨ ਸਿੰਘ ਰਾਣਾ, ਸੁਨੀਲ ਮੰਗਾ,ਪਵਨ ਪੰਮੀ, ਸੁਰਿੰਦਰ ਕੁਮਾਰ, ਅਨਮੋਲ ਮੱਟੂ ਆਦਿ ਕਲੱਬ ਮੈਂਬਰਾਂ ਤੋਂ ਇਲਾਵਾ ਅਨੇਕਾਂ ਪਤਵੰਤੇ ਸੱਜਣ ਅਤੇ ਖਿਡਾਰੀ ਹਾਜ਼ਰ ਸਨ।

# ਮਾਨ ਸਰਕਾਰ ਪੰਜਾਬ ਹਰਿਆਣਾ ਜਲ ਵਿਵਾਦ ਤੇ ਸਹਿਮਤੀ ਦੇਣ ਦੀ ਬਜਾਏ ਪੰਜਾਬ ਦੇ ਹੱਕ ਵਿੱਚ ਡੱਟ ਕੇ ਖੜੇ : ਭਿੰਦਾ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਹਰਿਆਣਾ ਜਲ ਵਿਵਾਦ ਤੇ ਭਗਵੰਤ ਮਾਨ ਦੇ ਵੱਲੋਂ ਦਿੱਤੇ ਗਏ ਸਹਿਮਤੀ ਸੁਝਾਅ ਦਾ ਤਿੱਖਾ ਵਿਰੋਧ ਕਰਦਿਆਂ ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦਰਮਿਆਨ ਚੱਲ ਰਹੇ ਜਲ ਵਿਵਾਦ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਗਏ ਸਹਿਮਤੀ ਸੁਝਾਅ ਨੇ ਸਿਆਸੀ ਤੌਰ ‘ਤੇ ਨਵਾਂ ਮੋੜ ਲੈ ਲਿਆ ਹੈ। ਇਸ ਸੁਝਾਅ ਦੇ ਖਿਲਾਫ਼ ਉਨ੍ਹਾਂ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਪੰਜਾਬ ਦੇ ਪਾਣੀਆਂ ਨਾਲ ਕੋਈ ਵੀ ਸਮਝੌਤਾ ਕਦੇ ਵੀ ਕਬੂਲ ਯੋਗ ਨਹੀਂ ਹੋ ਸਕਦਾ। ਜਦਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤਾ ਗਿਆ ਸਹਿਮਤੀ ਦਾ ਸੰਕੇਤ ਪੰਜਾਬ ਦੇ ਹੱਕਾਂ ਨਾਲ ਸਮਝੌਤਾ ਹੈ। ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਪਾਣੀ ਦੀ ਹਰ ਬੂੰਦ ਦੇ ਉੱਪਰ ਪੰਜਾਬੀਆਂ ਦਾ ਹੱਕ ਹੋਣ ਦੀ ਗੱਲ ਕਰਨ ਵਾਲੀ ਮਾਨ ਸਰਕਾਰ ਹੁਣ ਆਪਣੇ ਸਿਆਸੀ ਹਿੱਤਾਂ ਲਈ ਸੂਬੇ ਦੇ ਲੋਕਾਂ ਨਾਲ ਧੋਖਾ ਕਰਦੇ ਹੋਏ ਪੰਜਾਬ ਦੇ ਜਲ ਸਰੋਤਾਂ ਨੂੰ ਤਿਆਗਣ ਦੀ ਰਾਹ ‘ਤੇ ਚੱਲ ਰਹੀ ਹੈ। ਭਿੰਦਾ ਨੇ ਕਿਹਾ ਕਿ ਇਹ ਗੱਲ ਕਈ ਮਾਹਿਰਾਂ ਅਤੇ ਰਿਪੋਰਟਾਂ ਰਾਹੀਂ ਸਾਬਤ ਹੋ ਚੁੱਕੀ ਹੈ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਘਾਟ ਦਾ ਸਾਹ-ਮਣਾ ਕਰ ਰਿਹਾ ਹੈ ਅਤੇ ਅਜਿਹੇ ਹਾਲਾਤਾਂ ਵਿੱਚ ਹੋਰ ਰਾਜਾਂ ਨੂੰ ਪਾਣੀ ਦੇਣ ਬਾਰੇ ਸੋਚਣਾ ਵੀ ਪੰਜਾਬ ਨਾਲ ਧੋਖਾ ਹੈ। ਸਤਲੁਜ-ਯਮੁਨਾ ਲਿੰਕ (SYL) ਨਹਿਰ ਜਾਂ ਕਿਸੇ ਵੀ ਹੋਰ ਜਲ ਵੰਡ ਦੇ ਮਸਲੇ ‘ਤੇ ਅਕਾਲੀ ਦਲ ਦੀ ਸਥਿਤੀ ਬਿਲਕੁਲ ਸਾਫ਼ ਹੈ। ਉਹਨਾਂ ਕਿਹਾ ਕਿ ਮਾਨ ਸਰਕਾਰ ਸਹਿਮਤੀ ਦੇ ਰਾਹ ‘ਤੇ ਜਾਣ ਦੀ ਬਜਾਏ ਪੰਜਾਬ ਦੇ ਹੱਕ ਵਿੱਚ ਡਟ ਕੇ ਖੜ੍ਹਨ। ਉਨ੍ਹਾਂ ਨਾਲ ਹੀ ਚੇਤਾਵਨੀ ਵੀ ਦਿੱਤੀ ਕਿ ਜੇ ਸਰਕਾਰ ਨੇ ਇਸ ਮਾਮਲੇ ‘ਤੇ ਪਿੱਛੇ ਹਟਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲੀ ਦਲ ਸੜਕਾਂ ‘ਤੇ ਉਤਰ ਕੇ ਵੱਡਾ ਅੰਦੋਲਨ ਕਰਨ ਤੋਂ ਪਿੱਛੇ ਨਹੀਂ ਹਟੇਗਾ।

# ਸਿੱਖਿਆ ਬਲਾਕ ਮਸੀਤਾਂ ਵਿੱਚ ਵਿਦਿਅਕ ਸ਼ੈਸਨ 2026-27 ਲਈ ਦਾਖਲਾ ਮੁਹਿੰਮ ਦਾ ਡਡਵਿੰਡੀ ਸਕੂਲ ਤੋਂ ਆਗਾਜ਼

- ਵੱਖ ਵੱਖ ਸਕੂਲਾਂ ਤੋਂ ਆਏ ਸਕੂਲ ਮੁੱਖੀਆਂ ਤੇ ਬੱਚਿਆਂ ਦੇ ਮਾਪਿਆਂ ਨੇ ਲਿਆ ਭਾਗ
- ਜ਼ਿਲ੍ਹੇ ਤੋਂ ਆਈ ਮੋਬਾਇਲ ਦਾਖਲਾ ਵੈਨ ਨੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਲਦੀਆਂ ਸਹੂਲਤਾਂ ਤੋਂ ਕਰਵਾਇਆ ਜਾਣੂ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)-** ਪੰਜਾਬ ਸਰਕਾਰ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਭਰ ਵਿੱਚ ਸ਼ੈਸਨ 2026-27 ਲਈ ਦਾਖਲਿਆਂ ਦੀ ਮੁਹਿੰਮ ਦਾ ਆਗਾਜ਼ ਕੀਤਾ ਗਿਆ । ਇਸੇ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਡਡਵਿੰਡੀ ਵਿਖੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ਼੍ਰੀਮਤੀ ਮਮਤਾ ਬਜਾਜ ਤੇ ਉਪ ਜਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ,ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਦੀ ਯੋਗ ਅਗਵਾਈ ਤੇ ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਸਿੰਘ ਸੈਂਟਰ ਹੈੱਡ ਟੀਚਰ ਮੀਨਾਕਸ਼ੀ ਸ਼ਰਮਾ ਤੇ ਬੀ ਆਰ ਸੀ ਗੁਰਪ੍ਰੀਤ ਸਿੰਘ ਵੀ ਦੇਖ ਰੇਖ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਸਕੂਲ ਡਡਵਿੰਡੀ ਵਿਖੇ 2026-27 ਲਈ ਦਾਖਲਾ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਦੌਰਾਨ ਸੈਂਟਰ ਹੈੱਡ ਟੀਚਰ ਰਾਮ ਸਿੰਘ ਨੇ ਅਧਿਆਪਕਾਂ ਨੂੰ ਵਿਭਾਗ ਦੇ ਆਦੇਸ਼ਾਂ ਤਹਿਤ 10 ਫੀਸਦੀ ਦਾਖਲਾ ਵਧਾਉਣ ਲਈ ਪ੍ਰੇਰਿਤ ਕਰਦਿਆਂ ਸਰਕਾਰੀ ਸਕੂਲ ਵਿੱਚ ਮਿਲ ਰਹੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ । ਇਸ ਦੌਰਾਨ ਜਸਪਾਲ ਸਿੰਘ ਹੈਡ ਟੀਚਰ ਸਰਕਾਰੀ ਐਲੀਮੈਂਟਰੀ





ਸਕੂਲ ਤੋਤੀ, ਹੈੱਡ ਟੀਚਰ ਸਪਨਾ ਦੇਵੀ ਨੇ ਸਿੱਖਿਆ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਤੇ ਬੱਚਿਆਂ ਨੂੰ ਮਿਲ ਰਹੀਆਂ ਸਹੂਲਤਾਂ ਤੇ ਰੌਸ਼ਨੀ ਪਾਉਂਦੇ ਹੋਏ ਵੱਖ-ਵੱਖ ਸਕੂਲਾਂ ਤੋਂ ਆਏ ਸਕੂਲ ਮੈਨੇਜਮੈਂਟ ਕਮੇਟੀਆਂ ਤੇ ਮਾਪਿਆਂ ਨੂੰ ਜਾਣੂ ਕਰਵਾਇਆ। ਪ੍ਰਿੰਸੀਪਲ ਆਸ਼ਾ ਰਾਣੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਨੇ ਮਿਡਲ ਹਾਈ ਤੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਤੇ ਬੱਚਿਆਂ ਨੂੰ ਮਿਲ ਰਹੀਆਂ ਸਹੂਲਤਾਂ ਦੇ ਨਾਲ ਨਾਲ ਉਹਨਾਂ ਦੀ ਪੜ੍ਹਾਈ ਵੱਲ ਵਿਸ਼ੇਸ਼ ਤਵੱਜੋ ਦੇ ਰਹੇ ਮਿਹਨਤੀ ਅਧਿਆਪਕਾ ਦੀ ਭਰਪੂਰ ਸ਼ਲਾਘਾ ਕੀਤੀ ਤੇ ਬੱਚਿਆਂ ਦੇ ਮਾਪਿਆਂ ਨੂੰ ਵੱਧ ਤੋਂ ਵੱਧ ਇਸ ਸਾਲ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਾਉਣ ਲਈ ਪ੍ਰੇਰਿਤ ਕੀਤਾ। ਇਸ ਤੋਂ ਪਹਿਲਾਂ ਜ਼ਿਲ੍ਹਾ ਕਪੂਰਥਲਾ ਤੋਂ ਆਈ ਦਾਖਲਾ ਮੋਬਾਇਲ ਵੈਨ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਇਸ ਵੈਨ ਦੇ ਨਾਲ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਹਰਮਿੰਦਰ ਸਿੰਘ ਜੋਸਨ,ਬਲਾਕ ਸਿੱਖਿਆ ਅਧਿਕਾਰੀ ਰਜੇਸ਼ ਕੁਮਾਰ,ਜੈਮਲ ਸਿੰਘ ਸੈਂਟਰ ਹੈੱਡ ਟੀਚਰ , ਸੰਤੋਖ ਸਿੰਘ ਮੱਲ੍ਹੀ ਸੈਂਟਰ ਹੈੱਡ ਟੀਚਰ, ਅਜੀਤ ਸਿੰਘ ਸੈਂਟਰ ਹੈੱਡ ਟੀਚਰ, ਡਾਕਟਰ ਪਰਮਜੀਤ ਕੌਰ ਬੀ ਆਰ ਸੀ ਕ- 1, ਬੀ ਆਰ ਸੀ ਹਰਵਿੰਦਰ ਸਿੰਘ, ਹੈੱਡ ਟੀਚਰ ਹਰਜਿੰਦਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਦਾਖਲ ਕਰਵਾਉਣ ਲਈ ਵਿਸ਼ੇਸ਼ ਤੌਰ ਤੇ ਜਾਗਰੂਕ ਕੀਤਾ। ਇਸ ਮੌਕੇ ਤੇ ਚੇਅਰਮੈਨ ਹਰਵਿੰਦਰ ਲਾਲ, ਚੇਅਰਪਰਸਨ ਸਪਨਾ, ਸਤਨਾਮ ਸਿੰਘ, ਸੈਂਟਰ ਹੈੱਡ ਟੀਚਰ ਹਰਵਿੰਦਰਜੀਤ ਕੌਰ,ਬਲਵਿੰਦਰ ਸਿੰਘ ਸੈਂਟਰ ਹੈੱਡ ਟੀਚਰ, ਬਲਜੀਤ ਕੌਰ ਸੈਂਟਰ ਹੈੱਡ ਟੀਚਰ, ਕੁਲਦੀਪ ਸਿੰਘ ਸੈਂਟਰ ਹੈੱਡ ਟੀਚਰ,ਮਨਜੀਤ ਕੌਰ ਹੈੱਡ ਟੀਚਰ, ਸੁਰਜੀਤ ਕੌਰ ਹੈੱਡ ਟੀਚਰ, ਕੁਲਦੀਪ ਠਾਕੁਰ ਹੈੱਡ ਟੀਚਰ,ਭੁਪਿੰਦਰ ਸਿੰਘ ਸੇਚਾਂ, ਕੰਵਲਪ੍ਰੀਤ ਸਿੰਘ, ਰਾਜੂ ਜੈਨਪੁਰੀ, ਕਮਲਪ੍ਰੀਤ ਕੌਰ, ਨਵਦੀਪ ਕੌਰ, ਕੰਵਲਜੀਤ ਕੌਰ, ਪਰਮਿੰਦਰ ਕੌਰ, ਰਮਨਦੀਪ ਕੌਰ , ਹਰਵਿੰਦਰ ਸਿੰਘ, ਮੇਜਰ ਸਿੰਘ, ਬਲਜੀਤ ਕੌਰ ਆਦਿ ਵੱਡੀ ਗਿਣਤੀ ਵਿੱਚ ਅਧਿਆਪਕ, ਐੱਸ ਐੱਮ ਸੀ ਕਮੇਟੀਆਂ ਦੇ ਮੈਂਬਰ, ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜਰਖੜ ਖੇਡਾਂ ਤੇ ਸਤਵਿੰਦਰ ਬਿੱਟੀ ਦਾ ਲੱਗੇਗਾ ਅਖਾੜਾ

## 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 13,14 ਅਤੇ15 ਫ਼ਰਵਰੀ ਨੂੰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ./ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ )** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਈਆਂ ਜਾਣ ਵਾਲੀਆਂ ਕੋਕਾ ਕੋਲਾ, ਏਵਨ ਸਾਈਕਲ 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 13 14 ਅਤੇ 15 ਫ਼ਰਵਰੀ 2026 ਨੂੰ ਕਰਵਾਈਆਂ ਜਾ ਰਹੀਆਂ ਹਨ। ਅੱਜ ਜਰਖੜ ਖੇਡ ਸਟੇਡੀਅਮ ਵਿਖੇ ਹੋਈ ਮੀਟਿੰਗ ਬਾਅਦ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਸਾਬਕਾ ਏਆਈਜੀ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਹਾਕੀ ਗੋਲਡ ਕੱਪ ਅਤੇ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਵੇਗਾ। ਉਹਨਾਂ ਦੱਸਿਆ ਹਾਕੀ ਲੜਕੇ ਤੇ ਲੜਕੀਆਂ, ਹਾਕੀ ਅੰਡਰ 17 ਸਾਲ ਮੁੰਡੇ, ਕਬੱਡੀ ਓਪਨ, ਕਬੱਡੀ ਬਜ਼ੁਰਗਾਂ ਦੀ, ਅਮਰਜੀਤ ਗਰੇਵਾਲ ਦੀ ਯਾਦ ਵਿੱਚ ਵਾਲੀਬਾਲ ਦੀ ਸਟੇਟ ਪੱਧਰ ਦੀ ਚੈਂਪੀਅਨਸ਼ਿਪ ਜਿਸ ਵਿੱਚ ਮੁੰਡੇ ਕੁੜੀਆਂ ਦੀਆਂ 23 ਜ਼ਿਲ੍ਹਿਆਂ ਦੀਆਂ ਟੀਮਾਂ, ਫੁੱਟਬਾਲ 60 ਕਿਲੋ ਮੁੰਡੇ ਅਤੇ





ਅੰਡਰ 19 ਸਾਲ ਕੁੜੀਆਂ ਦੇ ਮੁਕਾਬਲੇ, ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਵੱਖ- ਵੱਖ ਖੇਡਾਂ, ਰੱਸਾਕਸ਼ੀ, ਦੌੜਾਂ, ਕਬੱਡੀ ਪ੍ਰਾਇਮਰੀ ਸਕੂਲ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਸਿਰਫ ਸੱਦਾ ਪੱਤਰ ਵਾਲੀਆਂ ਹੀ ਟੀਮਾਂ ਨੂੰ ਐਂਟਰੀ ਹੋਵੇਗੀ । ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਅਤੇ ਮਨਮੋਹਨ ਗਰੇਵਾਲ ਮੋਹਣਾ ਜੋਧਾ ਸਿਆਟਲ ਨੇ ਦੱਸਿਆ ਕਿ ਜਰਖੜ ਖੇਡਾਂ ਦਾ ਮੁੱਖ ਮਕਸਦ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਹੋਵੇਗਾ । ਉਹਨਾਂ ਦੱਸਿਆ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ । ਇਸ ਮੌਕੇ ਜਿੱਥੇ ਡਰੈਗਨ ਅਕੈਡਮੀ ਦੇ ਬੱਚਿਆਂ ਵੱਲੋਂ ਸੱਭਿਆਚਾਰ ਗੀਤਾਂ ਤੇ ਕੋਰੀਓਗਰਾਫੀ ਲੋਕ ਗਾਇਕ ਜਸਵੰਤ ਸੰਦੀਲਾ ਵੱਲੋਂ ਜਰਖੜ ਖੇਡਾਂ ਤੇ ਤਿਆਰ ਕੀਤਾ ਗੀਤ ਆਦਿ ਹੋਰ ਸੱਭਿਆਚਾਰਕ ਵੰਨਗੀਆਂ ਮੁੱਖ ਖਿੱਚ ਦਾ ਕੇਂਦਰ ਹੋਣਗੀਆਂ। ਫਾਈਨਲ ਸਮਾਰੋਹ ਤੇ 15 ਫ਼ਰਵਰੀ ਨੂੰ ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ ਦਾ ਖੁੱਲ੍ਹਾ ਅਖਾੜਾ ਵੀ ਲੱਗੇਗਾ। ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਨਾਮੀ 5 ਸ਼ਖ਼ਸੀਅਤਾਂ ਦਾ ਵੱਖ-ਵੱਖ ਐਵਾਰਡਾਂ ਨਾਲ ਸਨਮਾਨ ਹੋਵੇਗਾ। ਅੱਜ ਦੀ ਮੀਟਿੰਗ ਵਿੱਚ ਗੁਰਸਤਿੰਦਰ ਸਿੰਘ ਪ੍ਰਗਟ , ਕੁਲਦੀਪ ਸਿੰਘ ਘਵੱਦੀ, ਜੀਵਨ ਸਿੰਘ ਗਿੱਲ, ਜਸਮੇਲ ਸਿੰਘ ਨੋਕਵਾਲ, ਸ਼ਿੰਗਾਰਾ ਸਿੰਘ ਜਰਖੜ, ਸੁਖਵਿੰਦਰ ਸਿੰਘ ,ਪਰਮਜੀਤ ਸਿੰਘ ਪੰਮਾ ਗਰੇਵਾਲ, ਕੋਚ ਹਰਮੀਤ ਸਿੰਘ, ਪਵਨਪ੍ਰੀਤ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਨੌਜਵਾਨਾਂ ਦੇ ਸਰਵਪੱਖੀ ਵਿਕਾਸ ’ਚ ਖੇਡਾਂ ਨਿਭਾਉਂਦੀਆਂ ਹਨ ਅਹਿਮ ਭੂਮਿਕਾ - ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)** ਪਿੰਡ ਛਾਉਣੀ ਕਲਾ ਵਿੱਚ ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰ ਅਤੇ ਚੜ੍ਹਦੀ ਕਲਾ ਯੂਥ ਕਲੱਬ ਦੇ ਸਹਿਯੋਗ ਨਾਲ ਆਯੋਜਿਤ ਸੋਨਾਲੀਕਾ ਫੁੱਟਬਾਲ ਟੂਰਨਾਮੈਂਟ 26 ਜਨਵਰੀ ਨੂੰ ਬਹੁਤ ਉਤਸ਼ਾਹ ਅਤੇ ਖੇਡ ਭਾਵਨਾ ਨਾਲ ਸਮਾਪਤ ਹੋਇਆ। ਫਾਈਨਲ ਮੈਚ ਵਿੱਚ, ਰਿਹਾਣਾ ਜੱਟਾਂ ਦੀ ਟੀਮ ਨੇ ਛਾਉਣੀ ਕਲਾ ਦੀ ਟੀਮ ਨੂੰ ਇੱਕ ਰੋਮਾਂਚਕ ਪੈਨਲਟੀ ਸ਼ੂਟਆਊਟ ਵਿੱਚ ਹਰਾ ਕੇ ਟਰਾਫੀ ਆਪਣੇ ਨਾਮ ਕੀਤੀ। ਮੁਕਾਬਲੇ ਵਿੱਚ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ




ਕਿ ਅਜਿਹੇ ਸਮਾਗਮ ਨਾ ਸਿਰਫ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੇ ਹਨ ਬਲਕਿ ਅਨੁਸ਼ਾਸਨ, ਟੀਮ ਭਾਵਨਾ ਅਤੇ ਲੀਡਰਸ਼ਿਪ ਦੇ ਹੁਨਰ ਵੀ ਵਿਕਸਿਤ ਕਰਦੇ ਹਨ। ਵਿਧਾਇਕ ਜਿੰਪਾ ਨੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਵਿਧਾਇਕ ਜਿੰਪਾ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਅਜਿਹੇ ਖੇਡ ਸਮਾਗਮਾਂ ਲਈ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਟੂਰਨਾਮੈਂਟ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਟੂਰਨਾਮੈਂਟ ਚੜ੍ਹਦੀ ਕਲਾ ਯੂਥ ਕਲੱਬ ਵੱਲੋਂ ਡਾ. ਏ.ਐਸ. ਮਿੱਤਲ ਅਤੇ ਡਾ. ਦੀਪਕ ਮਿੱਤਲ ਦੀ ਅਗਵਾਈ ਹੇਠ ਕਰਵਾਇਆ ਗਿਆ ਸੀ। ਮੁਕਾਬਲੇ ਦੌਰਾਨ ਖਿਡਾਰੀਆਂ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਜੇ.ਐਸ. ਚੌਹਾਨ, ਵਿਸ਼ਾਲ ਗੁਪਤਾ, ਨੇਹਾ ਧੀਮਾਨ, ਗ੍ਰਾਮ ਪੰਚਾਇਤ ਮੈਂਬਰ ਸਮੇਤ ਪ੍ਰਧਾਨ ਜਗਬੀਰ ਸਿੰਘ, ਪਵਨ ਸ਼ਰਮਾ, ਜਸਵਿੰਦਰ ਸਿੰਘ, ਰਵਿੰਦਰਜੀਤ ਸਿੰਘ, ਅਵਤਾਰ ਸਿੰਘ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਸੈਫ ਸਕੂਲ ਵਾਹਨ ਪਾਲਿਸੀ ਪੁਰਜੋਰ ਤਰੀਕੇ ਨਾਲ ਲਾਗੂ

## ਬਲਾਚੌਰ ਵਿਖੇ 14 ਸਕੂਲੀ ਬਸਾਂ ਦੀ ਚੈਕਿੰਗ, 6 ਸਕੂਲੀ ਬਸਾਂ ਦੇ ਕਟੇ ਚਲਾਨ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾ ਤਹਿਤ ਅਤੇ ਡਿਪਟੀ ਕਮਿਸ਼ਨਰ ਸ੍ਰੀ ਗੁਲਪ੍ਰੀਤ ਸਿੰਘ ਔਲਖ (ਆਈ.ਏ.ਐਸ) ਜੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀ ਜਗਰੂਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਬਾਲ ਸੁਰੱਖਿਆ ਅਫਸਰ ਸ੍ਰੀਮਤੀ ਕੰਚਨ ਅਰੋੜਾ ਵਲੋਂ (ਆਰ ਟੀ ਓ) ਨਾਲ ਸਾਂਝੇ ਤੌਰ ਤੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਬਲਾਚੌਰ ਬਲੌਕ ਵਿਚ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪੋਲੀਸੀ ਦੀਆਂ ਸ਼ਰਤਾਂ ਬਾਰੇ ਜਾਣੂੰ ਕਰਵਾਇਆ ਗਿਆ। ਚੈਕਿੰਗ ਦੌਰਾਨ ਬਲਾਚੌਰ ਪਬਲਿਕ ਸਕੂਲ, ਸ਼ੋਰਿਆ ਪਬਲਿਕ ਸਕੂਲ, ਮਾਊਂਟ ਕਾਰਮਲ ਸਕੂਲ, ਸ਼ਿਵਾਲਿਕ ਪਬਲਿਕ ਸਕੂਲ, ਪੈਰਾਡਾਈਜ ਪਬਲਿਕ ਸਕੂਲ, ਕੈਂਬਰਿਜ ਪਬਲਿਕ ਸਕੂਲ ਅਤੇ ਸਕਾਲਰ ਪਬਲਿਕ ਸਕੂਲ ਦੀਆਂ ਬੱਸਾਂ ਵੀ ਸ਼ਾਮਲ ਸਨ। ਇਸ ਮੁਹਿਮ ਦੌਰਾਨ ਤਕਰੀਬਨ 7 ਸਕੂਲਾਂ ਦੀਆਂ ਕੁੱਲ 13 ਸਕੂਲੀ ਬੱਸਾਂ ਦੇ ਦਸਤਾਵੇਜ ਚੈੱਕ ਕੀਤੇ ਗਏ ਅਤੇ ਸੇਫ ਸਕੂਲ ਵਾਹਨ ਪਾਲਸੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੀਆਂ 6 ਸਕੂਲੀ ਬੱਸਾਂ ਦੇ ਚਲਾਨ (ਫਸਟ ਐਡ ਬਾਕਸ ਵਿਚ ਲੋੜੀਂਦੀ ਦਵਾਈਆਂ ਨਾ ਮਿਲਣ ਕਾਰਨ, ਸਕੂਲ ਬੱਸ ਦੇ ਡਰਾਈਵਰ ਦੇ ਸੀਟ ਬੈਲਟ ਨਾ ਲਗਾਉਣ ਕਾਰਨ, ਅੱਗ ਬੁਝਾਊ ਯੰਤਰ ਦੇ ਐਕਸਪਾਇਰ ਹੋਣ ਕਾਰਨ, ਬੱਸ ਫਿਟਨੈੱਸ ਸਰਟੀਫਿਕਟ ਨਾ ਹੋਣ ਕਾਰਨ ਅਤੇ ਲੇਡੀ ਅਟੈਂਡੈਂਟ ਬੱਸ ਵੀਚ ਮੌਜੂਦ ਨਾ ਹੋਣ ਕਾਰਨ )





ਵੀ ਕੀਤੇ ਗਏ।ਇਸ ਮੌਕੇ ਟੀਮ ਵਲੋਂ ਸਕੂਲੀ ਵਾਹਨਾਂ ਦੇ ਡਰਾਈਵਰਾਂ ਨੂੰ ਇਹ ਗੱਲ ਸਪਸ਼ਟ ਕੀਤੀ ਗਈ ਕਿ ਜਿਲ੍ਹਾ ਬਾਲ ਸੁਰੱਖਿਆ ਦਫਤਰ ਅਤੇ ਜ਼ਿਲ੍ਹਾ ਟਰਾਂਸਪੋਰਟ ਦਫਤਰ ਵਲੋ ਸਮੇਂ-ਸਮੇ ਤੇ ਸਕੂਲ ਦੇ ਪ੍ਰਿੰਸੀਪਲਾਂ ਅਤੇ ਸਕੂਲ ਵਾਹਨਾ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਜਿਵੇ ਕਿ ਸੀ.ਸੀ ਟੀ. ਵੀ. ਕੈਮਰਾ, ਖਿੜਕੀ ਤੇ ਲੋਹੇ ਦੀ ਗਰਿਲ, ਫਸਟ ਐਡ ਬਾਕਸ, ਲੇਡੀ ਕੰਡਕਟਰ, ਬੱਸ ਡਰਾਈਵਰ ਦਾ ਸਕੂਲ ਯੂਨੀਫੋਮ ਵਿੱਚ ਹੋਣਾ, ਸੀਟ ਬੈਲਟ ਲਗਾਣਾ, ਕਪੈਸਿਟੀ ਤੋਂ ਵੱਧ ਬੱਚੇ ਸਕੂਲ ਬੱਸ ਵਿੱਚ ਨਾ ਬਿਠਾਣਾ, ਬੱਸ ਵੀਚ ਰਿਫਲੈਕਟਰ ਲੱਗੇ ਹੋਣਾ, ਫੋਗ ਲਾਇਟ ਹੋਣਾ ਅਤੇ ਸਪੀਡ ਲਿਮਿਟ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਕੂਲ ਵਾਰਨ ਦੇ ਡਰਾਇਵਰਾਂ ਕੋਲ ਵਾਹਨ ਦੇ ਕਾਗਜ਼ਾਤ ਵੀ ਪੂਰੇ ਹੋਣੇ ਚਾਹੀਦੇ ਹਨ ਤਾਂ ਜੋ ਉਹਨਾ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਦਾ ਸਾਹ-ਮਣਾ ਨਾ ਕਰਨਾ ਪਵੇ। ਇਸ ਮੌਕੇ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ (ਆਈ ਸੀ) ਵੱਲੋਂ ਆਮ ਜਨਤਾ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਆਪਣੇ ਬੱਚਿਆਂ ਨੂੰ ਸਕੂਲੀ ਬੱਸਾਂ ਵਿੱਚ ਭੇਜਣ ਤੋਂ ਪਹਿਲੇ ਸਕੂਲੀ ਬੱਸਾਂ ਦਾ ਜਾਇਜ਼ਾ ਜ਼ਰੂਰ ਲੈਣ ਤਾਂ ਜੋ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਣ। ਇਸਦੇ ਨਾਲ ਹੀ ਟਰਾਂਸਪੋਰਟ ਅਫਸਰ ਵੱਲੋਂ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਸੇਫ ਸਕੂਲ ਵਾਹਨ ਪਾਲਸੀ ਦੀ ਉਲੰਘਣਾ ਕਰਨ ਤੇ ਬਸਾਂ ਨੂੰ ਬੰਦ ਕਰਨ ਜਾਂ ਚਲਾਨ ਕੱਟਣ ਤੇ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਏਗੀ। ਸਾਰੇ ਡਰਾਈਵਰ, ਬੱਸਾਂ ਨੂੰ ਰੋਡ ਤੇ ਲਿਆਣ ਤੋਂ ਪਹਿਲਾਂ ਆਪਣੇ ਅਤੇ ਆਪਣੀ ਬਸਾਂ ਦੇ ਦਸਤਾਵੇਜ਼ ਤੰਦਰੁਸਤ ਕਰ ਲੈਣ। ਇਸ ਮੌਕੇ ਟੀਮ ਵਿੱਚ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਇੰਦਰਪਾਲ ਸਿੰਘ, ਕੰਚਨ ਅਰੋੜਾ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਗੌਰਵ ਸ਼ਰਮਾ (ਬਾਲ ਸੁਰੱਖਿਆ ਅਫ਼ਸਰ, ਆਈ ਸੀ), ਏ ਟੀ ਓ ਮੈਡਮ ਕਮਲੇਸ਼, ਸਿੱਖਿਆ ਵਿਭਾਗ ਤੋ ਟੀਚਰ ਸਤੀਸ਼ ਕੁਮਾਰ, ਟ੍ਰੈਫਿਕ ਪੁਲਿਸ ਜੋਗਿੰਦਰ ਪਾਲ (ਏ.ਐਸ.ਆਈ)ਅਤੇ ਤਰਸੇਮ ਲਾਲ (ਏ.ਐਸ.ਆਈ)ਦੇ ਨਾਲ ਨਾਲ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਦਾ ਸਟਾਫ ਵੀ ਮੌਜੂਦ ਸਨ।

# ਅਰਬਨ ਅਸਟੇਟ, ਫੇਸ-1, ਦੁੱਗਰੀ ਦੀ ਸੀਨੀਅਰ ਸਿਟੀਜ਼ਨ ਵੈਲਫ਼ੇਅਰ ਕੌਂਸਲ ਵੱਲੋਂ ਮਨਾਇਆ ਗਿਆ 77ਵਾਂ ਗਣਤੰਤਰ ਦਿਵਸ -ਬੈਨੀਪਾਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਦੇਸ ਦੇ 77ਵੇਂ ਗਣਤੰਤਰ ਦਿਵਸ ਦੇ ਮੌਕੇ ਤੇ ਅਰਬਨ ਅਸਟੇਟ, ਫੇਸ-1, ਦੁੱਗਰੀ ਦੀ ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਵਿਸ਼ੇਸ਼ ਤੌਰ ਤੇ 77ਵਾਂ ਗਣਤੰਤਰ ਦਿਵਸ ਮਨਾਇਆ ਗਿਆ ਜਿਸ ਵਿੱਚ ਸੀਨੀਅਰ ਸਿਟੀਜ਼ਨ ਭਵਨ ਦੇ ਪ੍ਰਧਾਨ ਬਲਜੀਤ ਸਿੰਘ ਸੇਠੀ ਅਤੇ ਕੁਲਵਿੰਦਰ ਸਿੰਘ ਬੈਨੀਪਾਲ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਝੰਡਾ ਲਹਿਰਾਉਣ ਅਤੇ ਸਲਾਮੀ ਦੇਣ ਦੀ ਰਸਮ ਅਦਾ ਕੀਤੀ ਗਈ। ਪ੍ਰਧਾਨ ਬਲਜੀਤ ਸਿੰਘ ਸੇਠੀ ਨੇ ਸਾਰੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਜੋ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਇਹ ਦੇਸ ਭਗਤਾਂ ਦੀ ਕੁਰਬਾਨੀ ਸਦਕਾ ਮਾਣ ਰਹੇ ਹਾਂ। ਅੱਜ ਦੇ ਦਿਨ ਬਾਬਾ ਸਾਹਿਬ ਦਾ ਲਿਖਿਆ ਹੋਇਆ ਸੰਵਿਧਾਨ ਲਾਗੂ ਕੀਤਾ ਗਿਆ ਸੀ। ਬਾਅਦ ਵਿੱਚ ਭਵਨ ਦੇ





ਮੈਂਬਰਾਂ ਨੇ ਦੇਸ਼ ਭਗਤੀ ਦੇ ਗੀਤ ਵੀ ਸੁਣਾਏ ਗਏ। ਬੱਚਿਆਂ ਵੱਲੋਂ ਭੰਗੜਾ ਵੀ ਪਾਇਆ ਗਿਆ। ਸਾਰੇ ਮੈਂਬਰਾਂ ਵਾਸਤੇ ਲੰਗਰ ਦਾ ਇੰਤਜ਼ਾਮ ਵੀ ਕੀਤਾ ਗਿਆ। ਇਸ ਮੌਕੇ ਭਵਨ ਦੇ ਪ੍ਰਧਾਨ ਬਲਜੀਤ ਸਿੰਘ ਸੇਠੀ, ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚਰਨਜੀਤ ਸਿੰਘ ਪਾਇਲ, ਬਲਬੀਰ ਸਿੰਘ, ਯਸ਼ਪਾਲ ਸਿੰਘ, ਮਲਕੀਤ ਸਿੰਘ, ਯਸਪਾਲ ਚੋਪੜਾ, ਬਲਦੇਵ ਸਿੰਘ ਕਪੂਰ, ਬਲਦੇਵ ਰਾਜ ਸ਼ਰਮਾ, ਰਘਬੀਰ ਸਿੰਘ, ਰਾਜ ਕੁਮਾਰ ਖੋਸਲਾ, ਸੁਰਿੰਦਰ ਸਿੰਘ ਟੰਡਨ, ਮਨੋਹਰ ਲਾਲ ਕੌਸ਼ਲ, ਰਵਿੰਦਰ ਕਪੂਰ, ਪਰਮਿੰਦਰ ਸਿੰਘ, ਕ੍ਰਿਸ਼ਨ ਜੈਨ, ਰਾਕੇਸ਼ ਚੰਦਰ ਬਾਂਸਲ, ਸਰਬਜੀਤ ਸਿੰਘ ਚੱਗਰ, ਵਰਿੰਦਰ ਸਿੰਘ ਮੋਹਨ, ਰਵਿੰਦਰ ਸਿੰਘ ਪੂਰੀ,ਅਸ਼ੋਕ ਕੌਸ਼ਲ, ਮੋਹਿੰਦਰ ਮੋਹਨ ਬੱਤਾ, ਕੁਲਵੰਤ ਸਿੰਘ ਸੈਣੀ, ਅਸ਼ੋਕ ਗੁਪਤਾ, ਜਸਵਿੰਦਰ ਪਾਲ ਸਿੰਘ ਖੇੜਾ, ਵਿਜੈ ਕੁਮਾਰ ਜੈਰਥ, ਵਿਜੈ ਗੁਪਤਾ, ਰਾਜੇਸ਼ ਚੰਦਰ ਗਰਗ, ਹਰੀਸ਼ਇੰਦਰ, ਜਸਪਾਲ ਸਿੰਘ ਟਾਈਗਰ ਹਾਜ਼ਰ ਸਨ ।

# ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਵੱਲੋਂ ਲਗਾਇਆ ਗਿਆ ਦੰਦਾਂ ਦਾ ਫਰੀ ਚੈਕਅੱਪ ਕੈਂਪ

## ਲੋੜਵੰਦ ਮਰੀਜ਼ਾਂ ਦੀ ਮੱਦਦ ਕਰਨਾ ਸੱਚੀ ਮਨੁੱਖਤਾ ਦੀ ਸੇਵਾ–ਇੰਦਰਜੀਤ ਸਿੰਘ ਮੱਕੜ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰੂ ਗੋਬਿੰਦ ਸਿੰਘ ਜੀ ਚੈਰੀਟੇਬਲ ਹਸਪਤਾਲ, ਮਾਡਲ ਟਾਊਨ ਐਕਸਟੈਨਸ਼ਨ ਵਿਖੇ ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਦੇ ਨਿੱਘੇ ਸਹਿਯੋਗ ਨਾਲ ਲਗਾਏ ਗਏ ਦੰਦਾਂ ਦੀ ਜਾਂਚ ਕੈਂਪ ਦਾ ਰਸਮੀ ਤੌਰ ਤੇ ਉਦਘਾਟਨ ਕਰਨ ਲਈ ਪੁੱਜੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੇ ਪ੍ਰਧਾਨ ਸ੍ਰ: ਇੰਦਰਜੀਤ ਸਿੰਘ ਮੱਕੜ ਨੇ ਕਿਹਾ ਕਿ ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾ ਕੇ ਲੋੜਵੰਦਾਂ ਦੀ ਸੇਵਾ ਕਰਨਾ ਹੀ ਸੱਚੀ ਮਨੁੱਖਤਾ ਦੀ ਸੇਵਾ ਹੈ। ਸ੍ਰ: ਇੰਦਰਜੀਤ ਸਿੰਘ ਮੱਕੜ ਨੇ ਕਿਹਾ ਕਿ ਦੰਦਾਂ ਦੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ਾਂ ਦਾ ਫਰੀ ਚੈਕਅੱਪ ਕਰਕੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਉਪਲੱਬਧ ਕਰਵਾਉਣ ਵਾਲੀ ਸੰਸਥਾ ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਦਾ ਉਪਰਾਲਾ ਸਮੁੱਚੇ ਸਮਾਜ ਲਈ ਪ੍ਰੇਰਣਾ ਦਾ ਸਰੋਤ ਹੈ। ਇਸ ਦੌਰਾਨ ਉਨ੍ਹਾਂ ਨੇ ਹਸਪਤਾਲ ਦੇ ਇੰਚਾਰਜ ਤੇ ਕੈਂਪ ਦੇ ਮੁੱਖ ਪ੍ਰਬੰਧਕ ਡਾ: ਵੀਰ ਸਿੰਘ ਅਤੇ ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਦੇ ਡਾਕਟਰਾਂ ਜਿਨ੍ਹਾਂ ਵਿੱਚ ਡਾ: ਜਸਪਾਲ ਸਿੰਘ, ਯਸੀਕਾ ਪੁਰੀ, ਡਾ: ਦੀਪਕਾ ਗੁਪਤਾ, ਡਾ: ਕੀਸਕੀਨਦਾ ਦੱਤਾ, ਡਾ: ਵੀਪੁਲ ਜੈਨ, ਗਗਨ ਬਜਾਜ, ਮਨੀਸ਼ ਬਜਾਜ ਆਦਿ ਸਾਮਲ ਸਨ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਅਤੇ ਡਾਕਟਰ ਸਾਹਿਬ–ਾਨ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਦੌਰਾਨ ਲਗਾਏ ਗਏ ਦੰਦਾਂ ਦੇ ਫਰੀ ਮੈਡੀਕਲ ਚੈਕਅੱਪ ਕੈਂਪ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਕੈਂਪ ਦੇ ਮੁੱਖ ਪ੍ਰਬੰਧਕ ਡਾ: ਵੀਰ ਸਿੰਘ ਨੇ ਦੱਸਿਆ ਕਿ ਕੈਂਪ ਅੰਦਰ ਲਗਭਗ 120 ਦੇ ਕਰੀਬ ਮਰੀਜ਼ ਪੁੱਜੇ ਜਿਨ੍ਹਾਂ ਦੇ ਦੰਦਾਂ ਦਾ ਫਰੀ ਚੈਕਅੱਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਵੀ ਦਿੱਤੀਆਂ। ਇਸ ਸਮੇਂ ਉਨ੍ਹਾਂ ਦੇ ਨਾਲ ਸ੍ਰ: ਸੁਖਵਿੰਦਰ ਸਿੰਘ ਹੈਪੀ ਕੋਚਰ, ਜਸਵਿੰਦਰ ਸਿੰਘ, ਸੋਨੂੰ ਢੀਂਗਰਾ, ਪਰਮਜੀਤ ਸਿੰਘ ਸੇਠੀ, ਰਘਬੀਰ ਸਿੰਘ, ਮਨਦੀਪ ਸਿੰਘ ਪਾਹਵਾ, ਫੁੰਮਣ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪੱਤਰਕਾਰ ਅੰਤਰਪ੍ਰੀਤ ਸਿੰਘ ਖਹਿਰਾ ਪੰਜਾਬ ਪਰਾਈਡ ਅਵਾਰਡ ਨਾਲ ਸਨਮਾਨਤ



**ਰੂਪਨਗਰ ( ਜਤਿੰਦਰ ਪਾਲ ਸਿੰਘ ਕਲੇਰ )** ਵੱਖ ਵੱਖ ਸ਼ਹਿਰਾਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਚੰਗਾ ਨਾਮ ਅਤੇ ਮਿਹਨਤ ਤੋਂ ਬਾਅਦ ਚੰਡੀਗੜ੍ਹ ਵਿਖੇ ਵੱਡੇ ਅਦਾਰੇ ਵਿੱਚ ਕੰਮ ਕਰਨ ਤੋਂ ਬਾਅਦ ਆਪਣਾ ਚੈਨਲ ਚਲਾ ਰਹੇ ਐਡੀਟਰ ਅੰਤਰਪ੍ਰੀਤ ਸਿੰਘ ਖਹਿਰਾ ਨੂੰ ਲੁਧਿਆਣਾ ਦੀ ਸੰਸਥਾ ਵੱਲੋਂ ਪੰਜਾਬ ਪ੍ਰਾਈਡ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ ਜਿਸ ਵਿੱਚ ਸਿੱਖ ਪੰਥ ਦੇ ਮਹਾਨ ਸ਼ਖਸ਼ੀਅਤ ਸਿੰਘ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਮੌਜੂਦਾ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਸਿੱਖ ਜਰਨਲਿਸਟ ਵਜੋਂ ਉਨਾਂ ਨੂੰ ਸਟੇਜ ਦੇ ਉੱਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਸੰਤ ਬਾਬਾ ਸਤਨਾਮ ਸਿੰਘ ਜੀ ਤੇ ਹੋਰ ਮਾਨਯੋਗ ਸ਼ਖਸ਼ੀਅਤਾਂ ਹਾਜ਼ਰ ਸਨ।

# ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧੀ ਨਗਰ ਕੀਰਤਨ ਮੋਰਿੰਡਾ ਵਿਖੇ 31 ਨੂੰ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)**-ਸ੍ਰੀ ਗੁਰੂ ਰਵਿਦਾਸ ਸਭਾ ਮੋਰਿੰਡਾ ਵਲੋਂ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧੀ ਨਗਰ ਕੀਰਤਨ 31 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਰਣਧੀਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਸਬੰਧੀ 30 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਜਾਣਗੇ। 31 ਜਨਵਰੀ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਦੁਪਹਿਰ 1 ਵਜੇ ਗੁਰਦੁਆਰਾ ਸਾਹਿਬ ਵਾਰਡ ਨੰਬਰ 8 ਤੋਂ ਅਰੰਭ ਹੋਵੇਗਾ । ਇਹ ਨਗਰ ਕੀਰਤਨ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਮੁੜ ਗੁਰਦੁਆਰਾ ਸਾਹਿਬ ਵਿਖੇ ਹੀ ਸਮਾਪਤ ਹੋਵੇਗਾ। ਉਹਨਾਂ ਦੱਸਿਆ ਕਿ 1 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਸੁਖਜੀਤ ਸਿੰਘ ਪੰਜੋਖਰਾ ਸਾਹਿਬ ਵਾਲਿਆਂ ਦੇ ਪ੍ਰਸਿੱਧ ਢਾਡੀ ਜਥੇ ਵਲੋਂ ਵੀਰ ਰਸ ਰਾਹੀਂ ਗੁਰੂ ਜੀ ਦੇ ਜੀਵਨ ਬਾਰੇ ਦੱਸਿਆ ਜਾਵੇਗਾ। ਰਣਧੀਰ ਸਿੰਘ ਨੇ ਸਮੂਹ ਇਲਾਕਾ ਨਿਵਾਸੀਆਂ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਨਗਰ ਕੀਰਤਨ ਅਤੇ ਦਿਵਾਨਾ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਬਠਿੰਡਾ ਜ਼ਿਲ੍ਹੇ ਵਿੱਚ 'ਦਾਖ਼ਲਾ ਜਾਗਰੂਕਤਾ ਮੁਹਿੰਮ 2026' ਦਾ ਸ਼ਾਨਦਾਰ ਆਗਾਜ਼

## ਵਿਧਾਇਕਾਂ ਅਤੇ ਅਧਿਕਾਰੀਆਂ ਨੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਨਾਲ ਜੁੜਨ ਦਾ ਦਿੱਤਾ ਸੱਦਾ

**ਬਠਿੰਡਾ, (ਦੀਪਿਕਾ ਸ਼ਰਮਾ)** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਨਰਸਰੀ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖਲਿਆਂ ਨੂੰ ਭਰਵਾਂ ਹੁੰਗਾਰਾ ਦੇਣ ਲਈ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਵਿਸ਼ੇਸ਼ ਮੁਹਿੰਮ ਆਰੰਭੀ ਗਈ ਹੈ। ਇਸ 'ਦਾਖ਼ਲਾ ਜਾਗਰੂਕਤਾ ਮੁਹਿੰਮ 2026' ਦੀ ਸ਼ੁਰੂਆਤ ਸ਼ਹੀਦ ਮੇਜਰ ਰਵੀਇੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਕੰਨਿਆ) ਮਾਲ ਰੋਡ ਬਠਿੰਡਾ ਤੋਂ ਕੀਤੀ ਗਈ, ਜਿੱਥੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਦੀ ਅਗਵਾਈ ਵਿੱਚ ਮੋਬਾਇਲ ਵੈਨ ਦੇ ਸੁਆਗਤ ਅਤੇ ਰਵਾਨਗੀ ਲਈ ਬਹੁਤ ਹੀ ਵਧੀਆ ਪ੍ਰਬੰਧ ਕੀਤੇ ਗਏ ਸਨ।

ਇਸ ਮੌਕੇ ਮੁੱਖ ਮੰਤਰੀ ਖੇਤਰੀ ਦਫ਼ਤਰ ਦੇ ਫ਼ੀਲਡ ਅਫ਼ਸਰ ਰਮਨਜੀਤ ਪੀ .ਸੀ .ਐੱਸ ਨੇ ਦਾਖ਼ਲਾ ਮੁਹਿੰਮ ਵੈਨ ਨੂੰ ਹਰੀ ਝੰਡੀ ਦਿਖਾਉਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਸਿੱਖਿਆ ਪ੍ਰਣਾਲੀ ਨੂੰ ਇੰਨਾ ਮਜ਼ਬੂਤ ਕਰਨਾ ਹੈ ਕਿ ਹਰ ਵਰਗ ਦਾ ਬੱਚਾ ਉੱਚ ਪੱਧਰੀ ਸਿੱਖਿਆ ਪ੍ਰਾਪਤ ਕਰ ਸਕੇ। ਉਨ੍ਹਾਂ ਕਿਹਾ ਕਿ ਇਹ ਮੋਬ-ਾਇਲ ਵੈਨ ਪਿੰਡ-ਪਿੰਡ ਜਾ ਕੇ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ ਬਾਰੇ ਮਾਪਿਆਂ ਨੂੰ ਜਾਗਰੂਕ ਕਰੇਗੀ।

ਇਸ ਉਪਰੰਤ ਕੋਆਰਡੀਨੇਟਰ ਸਿੱਖਿਆ ਵਿਭਾਗ ਮਾਲਵਾ ਵੈਸਟ ਜ਼ੋਨ ਹਰਮੰਦਰ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ ਇਸ ਵਾਰ ਦਾਖ਼ਲੇ ਲਈ ਆਨਲਾਈਨ ਸੁਵਿਧਾ ਵੀ ਦਿੱਤੀ ਗਈ ਹੈ ਤਾਂ ਜੋ ਮਾਪਿਆਂ ਨੂੰ ਕੋਈ ਦਿੱਕਤ ਨਾ ਆਵੇ। ਦਾਖ਼ਲਾ ਮੁਹਿੰਮ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਮਮਤਾ ਖ਼ੁਰਾਣਾ ਸੇਠੀ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਮਨਿੰਦਰ ਕੌਰ ਨੇ ਸਾਂਝੇ ਬਿਆਨ ਵਿੱਚ ਸਮੂਹ ਅਧਿਆਪਕਾਂ ਅਤੇ ਪਿੰਡ ਵਾਸੀਆਂ ਨੂੰ ਇਸ ਵੈਨ ਕੰਪੇਨ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਇਸ ਮਹਾਂ-ਕੁੰਭ ਵਿੱਚ ਅਧਿਆਪਕਾਂ ਦੇ ਨਾਲ-ਨਾਲ ਪਿੰਡ ਵਾਸੀਆਂ ਅਤੇ ਮਾਪਿਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ, ਤਾਂ ਜੋ



ਕੋਈ ਵੀ ਬੱਚਾ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ।

ਇਹ ਮੁਹਿੰਮ ਤਹਿਤ ਚਲਾਈ ਗਈ ਮੋਬਾਇਲ ਵੈਨ ਮਾਲ ਰੋਡ ਸਕੂਲ ਤੋਂ ਰਵਾਨਾ ਹੋ ਕੇ ਕਟਾਰ ਸਿੰਘ ਵਾਲਾ ਅਤੇ ਕੋਟਸ਼ਮੀਰ ਸਕੂਲ ਆਫ਼ ਐਮੀਨੈਂਸ ਵਿਖੇ ਪਹੁੰਚੀ। ਇਸ ਤੋਂ ਬਾਅਦ ਨਸੀਬਪੁਰਾ, ਕੋਟ ਬਖ਼ਤੂ ਹੁੰਦੀ ਹੋਈ ਵੈਨ ਜਦੋਂ ਸਕੂਲ ਆਫ਼ ਐਮੀਨੈਂਸ ਬੰਗੀ ਕਲਾਂ ਵਿਖੇ ਪਹੁੰਚੀ ਤਾਂ ਤਲਵੰਡੀ ਸਾਬੋ ਬਲਾਕ ਦੇ ਨੋਡਲ ਅਫ਼ਸਰ ਕਮ ਪ੍ਰਿੰਸੀਪਲ ਦਵਿੰਦਰ ਕੁਮਾਰ ਗੋਇਲ ਦੀ ਦੇਖ-ਰੇਖ ਹੇਠ ਦਾਖ਼ਲਾ ਵੈਨ ਦਾ ਨਿੱਘਾ ਸੁਆਗਤ ਕੀਤਾ ਗਿਆ। ਇੱਥੇ ਵਿਧਾਇਕ ਅਤੇ ਚੀਫ਼ ਵਿਪ ਪੰਜਾਬ ਪ੍ਰੋ. ਬਲਜਿੰਦਰ ਕੌਰ ਵੱਲੋਂ ਵੈਨ ਨੂੰ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਨੂੰ 'ਸਕੂਲ ਆਫ਼ ਐਮੀਨੈਂਸ' ਵਰਗੇ ਮਾਡਲ ਰਾਹੀਂ ਵਿਸ਼ਵ ਪੱਧਰੀ ਬਣਾਇਆ ਜਾ ਰਿਹਾ ਹੈ। ਇਹ ਕਾਫ਼ਲਾ ਤਲਵੰਡੀ ਸਾਬੋ ਦੇ ਵੱਖ-ਵੱਖ ਖੇਤਰਾਂ ਤੋਂ ਹੁੰਦਾ ਹੋਇਆ ਅਖੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਈਸਰਖਾਨਾ ਵਿਖੇ ਪਹੁੰਚਿਆ, ਜਿੱਥੇ ਰਣਜੀਤ ਸਿੰਘ ਮਠਾੜੂ ਮੀਤ ਪ੍ਰਧਾਨ ਸਾਬਕਾ ਮੁਲਾਜ਼ਮ ਵਿੰਗ ਪੰਜਾਬ ਅਤੇ ਸੁਖਵੀਰ ਕੌਰ ਸਰਪੰਚ ਮਾਈਸਰਖਾਨਾ ਵੱਲੋਂ ਵੈਨ ਨੂੰ ਝੰਡੀ ਦੇ ਕੇ ਅੱਗੇ ਰਵਾਨਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਸੁਪਨਾ ਹੁਣ ਜ਼ਮੀਨੀ ਪੱਧਰ 'ਤੇ ਹਕੀਕਤ ਬਣ ਰਿਹਾ ਹੈ। ਇਸ ਪੂਰੀ ਮੁਹਿੰਮ ਦੌਰਾਨ ਡਾ. ਸੁਖਪਾਲ ਸਿੰਘ ਸਿੱਧੂ ਵੱਲੋਂ ਸਰਕਾਰੀ ਸਕੂਲਾਂ ਸੰਬੰਧੀ ਗਾਇਆ ਗਿਆ ਗੀਤ 'ਜਾਗੋ' ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ, ਜਿਸ ਨੇ ਲੋਕਾਂ ਨੂੰ ਭਰਪੂਰ ਪ੍ਰੇਰਿਤ ਕੀਤਾ। ਇਸ ਦੌਰਾਨ ਚਮਕੌਰ ਸਿੰਘ ਸਿੱਧੂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ, ਲਖਵਿੰਦਰ ਸਿੰਘ ਸਿੱਧੂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਤੇ ਮਹਿੰਦਰਪਾਲ ਸਿੰਘ ਸਾਬਕਾ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਜ਼ਿਲ੍ਹਾ ਪ੍ਰਧਾਨ ਸਿੱਖਿਆ ਵਿੰਗ ਪੰਜਾਬ ਵੱਲੋਂ ਨਵੇਂ ਦਾਖਲਿਆਂ ਸੰਬੰਧੀ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ, ਕਿਤਾਬਾਂ ਅਤੇ ਮਿਡ-ਡੇ-ਮੀਲ ਵਰਗੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਬਲਾਕ ਨੋਡਲ ਅਫ਼ਸਰ ਪ੍ਰਿੰਸੀਪਲ ਗਰਮੇਲ ਸਿੰਘ ਸਿੱਧੂ, ਪ੍ਰਿੰਸੀਪਲ ਕਰਮਜੀਤ ਸਿੰਘ, ਪ੍ਰਿੰਸੀਪਲ ਡੀ.ਕੇ. ਗੋਇਲ, ਪ੍ਰਿੰਸੀਪਲ ਜਸਵੀਰ ਕੌਰ, ਹੈੱਡ ਮਿਸਟ੍ਰੈਸ ਗੁਰਪ੍ਰੀਤ ਕੌਰ ਸਿੱਧੂ, ਹੈੱਡ ਮਿਸਟ੍ਰੈਸ ਹਰਪ੍ਰੀਤ ਕੌਰ, ਹੈੱਡ ਮਿਸਟ੍ਰੈਸ ਰੀਤੂ ਚੌਧਰੀ, ਸੈਂਟਰ ਹੈੱਡ ਟੀਚਰ ਦਲਜੀਤ ਸਿੰਘ ਚੁੱਘੇ, ਗੁਰਵੀਰ ਸਿੰਘ ਭਾਈਰੂਪਾ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ, ਸੈਂਟਰ ਹੈੱਡ ਟੀਚਰ ਬੂਟਾ ਸਿੰਘ ਸੁਨਾਮੀ, ਸੈਂਟਰ ਹੈੱਡ ਟੀਚਰ ਸਤਨਾਮ ਸਿੰਘ, ਜਤਿੰਦਰ ਭੁੱਚੋ ਜ਼ਿਲ੍ਹਾ ਕੋਆਰਡੀਨੇਟਰ ਸਮਾਰਟ ਸਕੂਲ, ਡਾ. ਸੁਖਪਾਲ ਸਿੰਘ ਸਿੱਧੂ, ਗੁਰਮੀਤ ਸਿੰਘ ਸਿੱਧੂ ਡੀ.ਐੱਮ. ਕੰਪਿਊਟਰ, ਬਲਰਾਜ ਸਿੰਘ ਸਰਾਂ ਜ਼ਿਲ੍ਹਾ ਨੋਡਲ ਅਫ਼ਸਰ ਬਿਜਨੈਸ ਬਲਾਸਟਰ, ਭੁਪਿੰਦਰਜੀਤ ਸਿੰਘ ਬਰਾੜ ਬਲਾਕ ਖੇਡ ਅਫਸਰ, ਹੈੱਡ ਟੀਚਰ ਵਿਜੈ ਕੁਮਾਰ, ਨਰਿੰਦਰ ਸਿੰਘ ਬੱਲੂਆਣਾ, ਨਵਨੀਤ ਕੁਮਾਰ, ਹੈੱਡ ਮਾਸਟਰ ਹਰਮੇਸ਼ ਕਟਾਰੀਆ ਸੁਮਨ ਲਤਾ ਅਤੇ ਜਸਵਿੰਦਰ ਸਿੰਘ ਚਾਹਲ ਵੱਲੋਂ ਆਪਣਾ ਯੋਗਦਾਨ ਪਾਇਆ ਗਿਆ।

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਜਨਮ-ਦਿਹਾੜਾ ਵਾਰਡ ਨੰਬਰ 1, ਭਾਰਤੀ ਕਾਲੋਨੀ ਵਿਖੇ 7 ਫਰਵਰੀ 2026 ਨੂੰ ਮਨਾਉਣਗੇ

## ਵਿਸ਼ਵ ਪ੍ਰਸਿੱਧ ਗਾਇਕ ਅਤੇ ਕਥਾ ਵਾਚਕ ਬਾਬਾ ਗੁਲਾਬ ਸਿੰਘ ਜੀ ਕਰਨਗੇ ਗੁਰੂ ਰਵਿਦਾਸ ਜੀ ਦਾ ਗੁਣਗਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼੍ਰੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਜਨਮ- ਦਿਹਾੜਾ ਲੁਧਿਆਣਾ ਵਿਖੇ ਨੌਜਵਾਨ ਵੀਰ ਭਾਰਤੀ ਕਲੋਨੀ ਬੜੇ ਹੀ ਨਿਵੇਕਲੇ ਢੰਗ ਵਿੱਚ ਮਨਾਉਣ ਜਾ ਰਹੇ ਹਨ। ਨੌਜਵਾਨ ਵੀਰਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਵਾਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਇਹ ਪਹਿਲਾ ਉਸਤਤ ਸਮਾਗਮ ਵਾਰਡ ਨੰਬਰ ਇੱਕ ਭਾਰਤੀ ਕਲੋਨੀ ਦੇ ਸਮੂਹ ਨੌਜਵਾਨਾਂ ਵੱਲੋਂ ਇੱਕ ਛੋਟਾ ਜਿਹਾ ਉਪਰਾਲਾ ਹੈ। ਇਸ ਵਿੱਚ ਗਾਇਕਾ ਬੀਬੀ ਸੀਆ ਪਵਾਰ ਜਲੰਧਰ ਵਾਲੇ, ਭਾਈ ਸਰਬਜੀਤ ਸਿੰਘ ਸਲੇਮ ਟਾਬਰੀ ਵਾਲੇ ਅਤੇ ਖਾਸ ਤੌਰ ਤੇ ਚਮਕੌਰ ਸਾਹਿਬ ਤੋਂ ਵਿਸ਼ਵ ਪ੍ਰਸਿੱਧ ਕਥਾਵਾਚਕ ਬਾਬਾ ਗੁਲਾਬ ਸਿੰਘ ਜੀ ਖਾਸ ਤੌਰ ਤੇ ਦੀਵਾਨ ਲਗਾ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਣਗਾਨ ਕਰਨਗੇ। ਇਸ ਕੜੀ ਨੂੰ ਜੋੜਨ ਦਾ ਕੰਮ ਪ੍ਰਬੰਧਕ ਕਮੇਟੀ ਨੇ ਆਪਣੇ ਇਸ ਸਮਾਗਮ ਦੇ ਸੱਦਾ-ਪੱਤਰਾਂ ਰਾਹੀਂ ਲੁਧਿਆਣੇ ਸ਼ਹਿਰ ਦੇ ਵੱਖ-ਵੱਖ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਵਿਸ਼ੇਸ਼ ਤੌਰ ਤੇ ਦੇ ਰਹੇ ਹਨ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਇੱਕ ਫਰਵਰੀ ਦੇ ਜਨਮ-ਦਿਨ ਖਾਸ ਤੌਰ ਤੇ ਮਨਾਉਣ ਲਈ ਪ੍ਰਬੰਧਕ ਕਮੇਟੀ ਨੇ 7 ਫ਼ਰਵਰੀ 2026 ਦਿਨ ਸ਼ਨੀਵਾਰ ਸਮਾਂ ਸ਼ਾਮ 6 ਵਜੇ ਤੋਂ ਲੈ ਕੇ ਰਾਤ ਦੇ 12 ਵਜੇ ਭਾਰਤੀ ਕਾਲੋਨੀ ਅਮਨ ਨਗਰ ਐਕਸਟੈਨਸ਼ਨ ਸਾਹਮਣੇ ਖਾਲਸਾ ਡੈਅਰੀ ਵਾਲਾ ਗਰਾਊਂਡ ਸਲੈਕਟ ਕੀਤਾ ਹੈ।

ਇਸ ਸਮਾਗਮ ਵਿੱਚ ਖਾਸ ਤੌਰ ਤੇ ਲੁਧਿਆਣਾ ਸ਼ਹਿਰ ਦੇ ਪੱਤਰਕਾਰਾਂ ਦਾ ਸਨਮਾਨ ਵੀ ਕੀਤਾ ਜਾਣਾ ਹੈ।







# ਪੁਖਰਾਜ ਭੱਲਾ ਨੂੰ ਸਦਮਾ ਦਾਦੀ ਦਾ ਦੇਹਾਂਤ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਫਿਲਮੀ ਕਲਾਕਾਰ ਪੁਖਰਾਜ ਭੱਲਾ ਦੇ ਦਾਦੀ ਅਤੇ ਮਰਹੂਮ ਕਮੇਡੀਅਨ ਜਸਵਿੰਦਰ ਭੱਲਾ ਦੇ ਮਾਤਾ ਜੀ ਸਤਵੰਤ ਕੌਰ (87) ਉਹਨਾਂ ਦਾ ਅੱਜ ਦੇਹਾਂਤ ਹੋ ਗਿਆ ਹੈ । ਉਹਨਾਂ ਮੁਹਾਲੀ ਵਾਲੇ ਘਰ ਵਿੱਚ ਅੰਤਿਮ ਸਾਹ ਲਏ ।ਉਹਨਾਂ ਦਾ ਸਸਕਾਰ ਅੱਜ ਮੁਹਾਲੀ ਦੇ ਬਲੌਂਗੀ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਜਿੱਥੇ ਉਹਨਾਂ ਦੀ ਚਿਖਾ ਨੂੰ ਅਗਨ ਉਹਨਾਂ ਦੇ ਪੋਤੇ ਪੁਖਰਾਜ ਭੱਲਾ ਅਤੇ ਕਲਾਕਾਰ ਅਤੇ ਪੰਜਾਬ ਫੂਡ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਵੱਲੋਂ ਦਿਖਾਈ ਗਈ । ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਜਸਵਿੰਦਰ ਭੱਲਾ ਦੇ ਤੁਰ ਜਾਣ ਤੋਂ ਬਾਅਦ ਮਾਤਾ ਜੀ ਸਦਮੇ ਵਿੱਚ ਸਨ ਅਤੇ ਮਹਿਜ ਪੰਜ ਮਹੀਨਿਆਂ ਬਾਅਦ ਹੀ ਉਹ ਵੀ ਅਕਾਲ ਚਲਾਣਾ ਕਰ ਗਏ । ਉਹਨਾਂ ਦੱਸਿਆ ਕਿ ਮਾਤਾ ਜੀ ਨਮਿਤ ਅੰਤਿਮ ਅਰਦਾਸ 6 ਫ਼ਰਵਰੀ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12.30 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸ੍ਰੀ ਸਾਚਾ ਧਨ ਸਾਹਿਬ, ਫੇਜ-3 ਬੀ 1, ਮੁਹਾਲੀ ਵਿਖੇ ਹੋਵੇਗੀ ।

# ਸੰਗਤਾ ਵੱਲੋਂ ਦਾਨ ਕੀਤਾ ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ- ਜਥੇਦਾਰ ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅਨੋਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਤੇ ਮਨੁੱਖੀ ਕਾਰਜਾਂ ਨੂੰ ਸਮਰਪਿਤ ਸੰਸਥਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 864ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਦੀਪ ਸਿੰਘ ਚੌਂਕ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਲਗਾਇਆ ਗਿਆ। ਇਸ ਮੌਕੇ ਮਹਾਨ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪ੍ਹੁੱਜੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਗੁਰਦੀਪ ਸਿੰਘ ਗੋਸ਼ਾ, ਸੁਖਵਿੰਦਰ ਸਿੰਘ ਬਿੰਦਰਾ, ਸੁਖਵਿੰਦਰ ਸਿੰਘ ਲਾਲੀ, ਹਰਪ੍ਰੀਤ ਸਿੰਘ ਰਾਜਧਾਨੀ, ਕੌਂਸਲਰ ਯੁਵਰਾਜ ਸਿੰਘ, ਐਡਵੋਕੇਟ ਗਗਨਪ੍ਰੀਤ ਸਿੰਘ, ਸੋਹਣ ਸਿੰਘ ਗੋਗਾ, ਡਾ: ਸਿਮਰਪਾਲ ਸਿੰਘ ਬਿੰਦਰਾ, ਭਾਈ ਇਕਬਾਲ ਸਿੰਘ ਪ੍ਰਚਾਰਕ, ਤਜਿੰਦਰ ਪਾਲ ਸਿੰਘ ਸ਼ੰਟੀ ਸਰਗੋਧਾ, ਪਰਮਜੀਤ ਸਿੰਘ ਦੂਆ ਨੇ ਧੰਨ ਧੰਨ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ






ਜਨਮ-ਦਿਹਾੜੇ ਤੇ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ ਅਤੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਇਸ਼ਨੀਤ ਸਿੰਘ ਮੱਕੜ ਨੇ ਆਪਣੇ ਪਿਤਾ ਜਸਪ੍ਰੀਤ ਸਿੰਘ ਡਿੰਪੀ ਮੱਕੜ ਦੇ ਜਨਮ-ਦਿਨ ਦੀ ਖ਼ੁਸ਼ੀ ਵਿੱਚ ਖ਼ੂਨਦਾਨ ਕੀਤਾ। ਇਸ ਮੌਕੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਦਾ ਖ਼ੂਨਦਾਨ ਕੈਂਪ ਵਿੱਚ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਦੱਸਿਆ ਕਿ ਡਾ: ਅਮਨਪ੍ਰੀਤ ਕੌਰ ਬੀ.ਟੀ.ਓ ਸਿਵਲ ਹਸਪਤਾਲ ਅਤੇ ਗੁਰੂ ਨਾਨਕ ਹਸਪਤਾਲ ਦੇ ਡਾਕਟਰਾਂ ਦੇ ਸਹਿਯੋਗ ਅਤੇ ਸੰਗਤਾਂ ਵੱਲੋਂ ਦਾਨ ਕੀਤਾ ਗਿਆ 105 ਯੂਨਿਟ ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਬੀਬੀ ਸਵਿੰਦਰਜੀਤ ਕੌਰ ਖਾਲਸਾ, ਬਲਦੇਵ ਸਿੰਘ ਸੰਧੂ, ਭੁਪਿੰਦਰ ਸਿੰਘ ਮੱਕੜ, ਰਵਿੰਦਰਜੀਤ ਸਿੰਘ, ਨਰਿੰਦਰ ਸਿੰਘ ਸੱਗੂ, ਵਰਿੰਦਰ ਸਿੰਘ ਭੀਖੀ, ਤਜਿੰਦਰ ਸਿੰਘ ਅਹੂਜਾ, ਜਪੀ ਕੋਚਰ, ਹਰਸਿਮਰਨ ਸਿੰਘ, ਐਡਵੋਕੇਟ ਜਤਿੰਦਰ ਸਿੰਘ, ਹਰਜੀਤ ਸਿੰਘ, ਸੁਖਵਿੰਦਰ ਸਿੰਘ, ਇੰਦਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ ਗਰੇਵਾਲ, ਸਰਬਜੀਤ ਸਿੰਘ ਸੋਨੂੰ ਸੋਹਲ ਹਾਜ਼ਰ ਸਨ ।

# ਮੁੱਖ ਮੰਤਰੀ ਸਿਹਤ ਯੋਜਨਾ ਗਰੀਬਾਂ ਲਈ ਹੈ ਜਾਂ ਸਿਆਸੀ ਸਕੀਮ

## ਪੰਜਾਬ ਸਰਕਾਰ ਦੇ 10 ਲੱਖ ਦੇ ਬੀਮੇ ਪਰਚੀ ਸਿਸਟਮ ਤੇ “ਆਪ” ' ਦਾ ਪਹਿਰਾ –ਗੁਰਪ੍ਰੀਤ ਗੁੱਜਰ ਰੈਲਮਾਜਰਾ

**ਨਵਾਂਸ਼ਹਿਰ /ਕਾਠਗੜ੍ਹ ( ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਸਿਹਤ ਯੋਜਨਾ' ਸਿਰਫ “ਆਮ ਆਦਮੀ ਪਾਰਟੀ” ਵੱਲੋਂ ਆਪਣਿਆਂ ਨੂੰ ਫਾਇਦਾ ਪਹੁੰਚਾ ਰਹੀ ਹੈ। ਜਿਸ ਨਾਲ ਇਹ ਸਕੀਮ ਹੁਣ ਵਿਵਾਦਾਂ ਦੇ ਘੇਰੇ ਵਿੱਚ ਆਉਂਦੀ ਨਜ਼ਰ ਆ ਰਹੀ ਹੈ।ਇਸ ਤਾਜ਼ਾ ਮਿਸਾਲ ਪਿੰਡਾਂ ਦੇ ਸਾਂਝੇ ਸਰਵਿਸ ਸੈਂਟਰ ਤੋਂ ਸਾਹਮਣੇ ਆਇਆ ਹੈ, ਜਿੱਥੇ ਆਮ ਜਨਤਾ ਨੇ ਦੋਸ਼ ਲਾਇਆ ਹੈ ਕਿ ਸਿਹਤ ਕਾਰਡ ਬਣਾਉਣ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸਿਆਸੀ ਰੰਗਤ ਦਿੱਤੀ ਗਈ ਹੈ।ਜਿਸ ਨਾਲ ਗਰੀਬ ਲੋਕਾਂ ਦਾ ਭਲਾ ਨਹੀ ਹੋ ਸਕਦਾ। ਗੁਰਪ੍ਰੀਤ ਗੁੱਜਰ



ਰੈਲਮਾਜਰਾ ਦਾ ਕਹਿਣਾ ਹੈ ਕਿ ਸਾਂਝੇ ਸਰਵਿਸ ਸੈਂਟਰਾਂ ਨੂੰ ਕਥਿਤ ਤੌਰ 'ਤੇ ਅਜਿਹੇ ਨਿਰਦੇਸ਼ ਦਿੱਤੇ ਗਏ ਹਨ ਕਿ ਲਾਭਪਾਤਰੀਆਂ ਦੇ ਕਾਰਡ ਕੇਵਲ ਤਾਂ ਹੀ ਬਣਾਏ ਜਾਣ ਜੇਕਰ ਉਹਨਾਂ ਕੋਲ ਆਮ ਆਦਮੀ ਪਾਰਟੀ ਦੇ ਕੋਆਰਡੀਨੇਟਰਾਂ ਜਾ ਅਹੁਦੇਦਾਰਾਂ ਦੁਆਰਾ ਦਿੱਤੀ ਗਈ 'ਸਲਿਪ' ਹੋਵੇਗੀ। ਲੋਕਾਂ ਦਾ ਸਵਾਲ ਹੈ ਕਿ ਜੇਕਰ ਇਹ ਸਕੀਮ ਸਾਰੇ ਪੰਜਾਬੀਆਂ ਲਈ ਹੈ, ਤਾਂ ਵਿਚੋਲਗਿਰੀ ਲਈ ਪਾਰਟੀ ਵਰਕਰਾਂ ਨੂੰ ਕਿਉਂ ਰੱਖਿਆ ਗਿਆ ਹੈ। ਕੀ ਸਰਕਾਰੀ ਸੈਂਟਰਾਂ ਵਿੱਚ ਆਮ ਨਾਗਰਿਕ ਸਿੱਧਾ ਜਾ ਕੇ ਆਪਣਾ ਹੱਕ ਨਹੀਂ ਲੈ ਸਕਦੈ। ਕੀ ਇਹ ਸਿਰਫ਼ 'ਆਮ ਆਦਮੀ ਪਾਰਟੀ' ਦੇ ਵਰਕਰਾਂ ਨੂੰ ਖੁਸ਼ ਕਰਨ ਦੀ ਸਕੀਮ ਹੈ। ਇਹ ਮੁੱਦਾ ਚੁੱਕਦਿਆਂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਕਿਹਾ ਕਿ ਜੇਕਰ ਸਰਕਾਰ ਵਾਕਈ ਲੋਕਾਂ ਦਾ ਭਲਾ ਚਾਹੁੰਦੀ ਹੈ, ਤਾਂ ਸਰਵਿਸ ਸੈਂਟਰਾਂ ਨੂੰ ਖੁੱਲ੍ਹ ਦਿੱਤੀ ਜਾਵੇ ਕਿ ਉਹ ਹਰ ਉਸ ਵਿਅਕਤੀ ਦਾ ਕਾਰਡ ਬਣਾਉਣ ਜੋ ਪੰਜਾਬ ਦਾ ਵਸਨੀਕ ਹੈ। ਪੱਖਪਾਤੀ ਵਤੀਰੇ ਕਾਰਨ ਨਾ ਸਿਰਫ਼ ਆਮ ਲੋਕਾਂ ਵਿੱਚ ਰੋਸ ਹੈ, ਸਗੋਂ ਸਰਕਾਰ ਦੇ 'ਬਦਲਾਅ' ਦੇ ਦਾਅਵਿਆਂ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਗੁਰਪ੍ਰੀਤ ਗੁੱਜਰ ਰੈਲਮਾਜਰਾ ਵੱਲੋਂ ਇਸ ਸਕੀਮ ਨੂੰ ਸਿਰਫ ਲੋਕਾਂ ਨੂੰ ਭਰਮਾਉਣ ਲਈ ਵੋਟਾਂ ਤੋਂ ਪਹਿਲਾਂ ਖੇਡਿਆ ਜਾਣ ਵਾਲਾ ਇੱਕ ਸਿਆਸੀ ਪੱਤਾ ਦੱਸਿਆ ਗਿਆ ਅਤੇ ਕਿਹਾ ਗਿਆ ਕਿ ਪੰਜਾਬ ਦੇ ਲੋਕ ਬਹੁਤ ਸਿਆਣੇ ਹਨ ਉਹ ਹੁਣ ਇਨ੍ਹਾਂ ਲਾਰਿਆਂ ਵਿੱਚ ਆਉਣ ਵਾਲੇ ਨਹੀਂ। ਆਪ ਸਰਕਾਰ ਇਸ ਸਕੀਮ ਦੀ ਸਿਰਫ ਲੋਕ ਹਿਤ ਲ਼ਈ ਹੀ ਵਰਤੋਂ ਕਰੇ ਆਪਣੀਆਂ ਜੇਬਾਂ ਭਰਨ ਲਈ ਨਹੀਂ। ਪਰ 2027 ਵਿੱਚ ਲੋਕ ਇਸ ਦਾ ਜਵਾਬ ਦੇਣ ਲਈ ਤਿਆਰ ਬਰ ਤਿਆਰ ਬੈਠੇ ਹਨ।

# ਕਾਠਗੜ੍ਹ ਵਿਖੇ 77ਵਾਂ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ

## ●ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਚੇਅਰਮੈਨ ਸਤਨਾਮ ਜਲਾਲਪੁਰ ਨੇ ਨਿਭਾਈ ●ਦੇਸ਼ ਨੂੰ ਅਨੇਕਾਂ ਕੁਰਬਾਨੀਆਂ ਦੇ ਕੇ ਮਿਲੀ ਅਜ਼ਾਦੀ ਸੰਵਿਧਾਨਕ ਹੱਕ ਮਿਲਣ ਨਾਲ ਦੇਸ਼ ਵਾਸੀਆਂ ਨੇ ਮਨਾਈ ਸੀ ਖੁਸ਼ੀ :ਚੇਅਰਮੈਨ ਸਤਨਾਮ ਚੇਚੀ ਜਲਾਲਪੁਰ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਕਸਬਾ ਕਾਠਗੜ੍ਹ ਵਿਖੇ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 77 ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਨੋਨੀ ਮਾਡਲ ਸਕੂਲ ਕਾਠਗੜ੍ਹ ਦੇ ਬੱਚਿਆਂ ਅਤੇ ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਰਾਸ਼ਟਰੀ ਗੀਤ ਗਾ ਪ੍ਰੋਗਰਾਮ ਦੀ ਸ਼ੁਰਆਤ ਕੀਤੀ ਅਤੇ ਰਾਸ਼ਟਰੀ ਤਰੰਗਾਂ ਝੰਡਾ ਲਹਿਰਾਉਣ ਦੀ ਸਮਾਗਮ ਦੇ ਮੁੱਖ ਮਹਿਮਾਨ ਸਤਨਾਮ ਚੇਚੀ ਜਲਾਲਪੁਰ ਚੇਅਰਮੈਨ ਜਿਲ੍ਹਾਂ ਪਲੇਨਿੰਗ ਬੋਰਡ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੀਤੀ ਗਈ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਦੇਸ਼ ਪਿਆਰ ਦੇ ਗੀਤ ਗਾ ਕੇ ਪ੍ਰੋਗਰਾਮ ਨੂੰ ਹੋਰ ਵੀ ਸੁਵਾਹਣਾ ਬਣਾ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਸਤਨਾਮ ਚੇਚੀ ਜਲਾਲਪੁਰ
ਚੀਫਗੈਸਟ ਚੇਅਰਮੈਨ ਜਿਲ੍ਹਾਂ ਪਲੇਨਿੰਗ ਬੋਰਡ ਨਵਾਂਸ਼ਹਿਰ ਸਤਨਾਮ ਚੇਚੀ ਜਲਾਲਪੁਰ,ਸੇਵਾਦਾਰ ਸਾਂਈ ਕਾਲੇਸ਼ਾਹ, ਸ਼ੁਭਾਸ਼ ਆਨੰਦ ਸਾਬਕਾ ਸਰਪੰਚ ਕਾਠਗੜ੍ਹ, ਮਾਸਟਰ ਸ਼ੁਭਾਸ਼ ਚੰਦਰ ਨੱਥਾ ਨੰਗਲ,ਡਾਕਟਰ ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ ਕਾਠਗੜ੍ਹ, ਅਵਤਾਰ ਸਿੰਘ ਤਾਰੀ ਕਾਮ-ਰੇਡ,ਵਿਜੇ ਭਾਰਦਵਾਜ ਕਾਠਗੜ੍ਹ ਆਦਿ ਬੁਲਾਇਆ ਨੇ ਸਾਰੇ ਦੇਸ਼



ਵਾਸੀਆਂ ਨੂੰ 77 ਵੇਂ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੰਦਿਆਂ ਦੱਸਿਆ ਕੇ ਮਹਾਨ ਦੇਸ਼ ਭਗਤਾਂ ਅਤੇ ਸੂਰਵੀਰਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਨੂੰ ਅਜ਼ਾਦੀ ਮਿਲੀ ਹੈ ਅਤੇ ਅੱਜ ਦੇ ਦਿਨ ਸੰਵਿਧਾਨਕ ਤੌਰ ਸਮੂਹ ਦੇਸ਼ ਵਾਸੀਆਂ ਨੂੰ ਅਜ਼ਾਦੀ ਦਾ ਨਿੱਘ ਮਾਣ ਮਾਣਨ ਦਾ ਹੱਕ ਪ੍ਰਾਪਤ ਹੋਈਆਂ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕੇ ਉਹ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਉਣ ਲਈ ਰਲ ਮਿਲ ਕੇ ਪ੍ਰੇਮ ਪਿਆਰ ਨਾਲ ਰਹਿੰਦੇ ਹੋਏ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਬਣਾਉਣ ਇਸ ਖੁਸ਼ੀ ਦੇ ਸਮਾਗਮ ਮੌਕੇ ਮੋਹਤਬਰਾਂ ਵਲੋਂ ਅਮਨ ਸ਼ਾਤੀ ਦੇ ਪ੍ਰਤੀਕ ਚਿੱਟੇ ਕਬੂਤਰ ਉਡਾਕੇ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਗਣਤੰਤਰ ਦਿਵਸ ਦੇ ਸਮਾਗਮ ਵਿੱਚ ਸਕੂਲੀ ਬੱਚਿਆਂ ਵਲੋਂ ਹਿੱਸਾ ਲੈਣ ਤੌਂ ਗ੍ਰਾਮ ਪੰਚਾਇਤ ਦੀ ਸਰਪੰਚ ਰਿਸ਼ੂ ਬਾਲਾ ਕਾਠਗੜ੍ਹ ਸੇਵਾਦਾਰ ਸਾਂਈ ਕਾਲੇਸ਼ਾਹ ਅਤੇ ਪੰਚਾਇਤ ਮੈਂਬਰਾਂ ਵਲੋਂ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਇਸ ਮੌਕੇ ਸਰਪੰਚ ਬਿਮਲਾ ਚੇਚੀ ਜਲਾਲਪੁਰ, ਡਾਕਟਰ ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ ਕਾਠਗੜ੍ਹ, ਅਵਤਾਰ ਸਿੰਘ ਤਾਰੀ ਕਾਮਰੇਡ ,ਸੁਖਵਿੰਦਰ ਸਿੰਘ ਬਾਜਵਾ, ਰਾਜ ਕੁਮਾਰ ਆਨੰਦ ਪ੍ਰਧਾਨ ਮਾਰਕੀਟ ਕਾਠਗੜ੍ਹ , ਜਸਪਾਲ ਭਾਟੀਆ ਨੰਬਰਦਾਰ ਕਾਠਗੜ੍ਹ , ਰਿੰਕਾ ਆਨੰਦ, ਖਰੇਤੀ ਲਾਲ, ਗੋਰਵ ਵੈਦ, ਨਿੰਹਾ ਵੈਦ,ਕੈਲਾਸ਼ ਚੋਧਰੀ, ਮਾਸਟਰ ਅਵਤਾਰ ਸਿੰਘ,ਰਾਧੇ ਚੋਧਰੀ, ਲਾਡੀ ਸ਼ਰਮਾ, ਹੇਮਰਾਜ ਚੋਧਰੀ, ਮਾਸਟਰ ਸ਼ੁਭਾਸ਼ ਕੁਮਾਰ, ਕੁਲਵੰਤ ਸਿੰਘ ਬਿੱਟੂ ਸਰਪੰਚ, ,ਰਾਗਵ ਭਾਰਦਵਾਜ ਕਾਠਗੜ੍ਹ ਆਦਿ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਰੁਲਦੂ ਆਖੇ ਅਪਣੇ ਆਪ ਨੂੰ

ਮਨਾਂ ਜਿਸਮ ਨੂੰ ਬਹੁਤਾ ਸਾਂਭ ਕੇ ਰੱਖਿਆ ਨਾ ਕਰ ,
ਇੱਕ ਦਿਨ ਇਸ ਨੂੰ ਕਬਰਾਂ ਦੇ ਵਿੱਚ ਗ਼ਲਣਾ ਪੈਣਾ ।
ਜਾਂ ਫ਼ਿਰ ਇਹਨੂੰ ਮਣਾਂ ਮੂੰਹੀਂ ਲੱਕੜਾਂ 'ਤੇ ਪੈ ਕੇ ,
ਅਪਣਿਆਂ ਹੱਥੋਂ ਲਾਈ ਅੱਗ ਵਿੱਚ ਬਲ਼ਣਾ ਪੈਣਾ ।
ਇਸ ਜੀਵਨ ਨੂੰ ਕੱਟਣ ਦੀ ਥਾਂ ਮਾਣਨ ਦੇ ਲਈ ,
ਪਿਆਰ ਮੁਹੱਬਤ ਵੰਡ ਲੈ ਅਤੇ ਪ੍ਰਾਪਤ ਕਰ ਲੈ ;
ਤੂੰ ਪੈਰਾਂ ਨੂੰ ਵੀ ਲੱਗਣ ਨਾ ਦੇਵੇਂ ਜਿਸ ਮਿੱਟੀ ਨੂੰ ,
ਤੈਨੂੰ ਆਖ਼ਰ ਏਸੇ ਮਿੱਟੀ ਦੇ ਵਿੱਚ ਰਲਣਾ ਪੈਣਾ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।
9914836037

# ਤੂੰ ਦੱਸ?

ਲੋਕ ਕਹਿੰਦੇ ਨੇ:
ਅੱਜ ਦੀ ਰਾਤ,ਨਾ ਚੰਦ ਹੈ,ਨਾ ਤਾਰੇ 'ਤੇ ਨਾ ਚਾਨਣੀ ਹੈ।
ਮੱਸਿਆ ਦੀ ਕਾਲੀ-ਬੋਲੀ ਰਾਤ ਹੈ। ਬਰਸਾਤ ਹੈ।

ਮੇਰਾ ਦਿਲ ਮੰਨਣੋਂ ਆਕੀ ਹੈ-ਮੰਨੇ ਵੀ ਕਿਵੇਂ?
ਜਦ ਤੇਰੀਆਂ ਅੱਖਾਂ ਦੇ ਤਾਰਿਆ ਨੇ ਇਹ ਨੂਰੋ-ਨੂਰ ਕਰ ਰੱਖੀ ਹੈ।
ਪਿਆਰ ਦੀ ਚੰਨ-ਚਾਨਣੀ ਹਰ ਪਾਸੇ ਫੈਲੀ ਹੋਈ ਹੈ।
ਤੇਰੀ ਪੈੜ-ਚਾਲ ਸੁਣ,ਮੰਜਿਲ ਮਸ਼ਾਲ ਬਣੀ ਹੋਈ ਹੈ।
ਤੇਰੇ ਬਦਨ ਨੂੰ ਮੀਂਹ ਦੀਆਂ ਬੂੰਦਾਂ ਛੂਹ-ਛੂਹ ਕੇ,
ਮਚਲ ਗਈਆਂ ਨੇ,ਸੁਲਗ ਗਈਆਂ ਨੇ।
ਇਨ੍ਹਾਂ ਦੀ ਨਰਮੀ-ਗਰਮੀ ਨਾਲ
ਮੇਰੀਆਂ ਅੱਖਾਂ ਮੋਮ ਬਣ ਪਿਘਲ ਰਹੀਆਂ ਨੇ।
ਇਨ੍ਹਾਂ ਹੁਸੀਨ ਪਲਾਂ 'ਚ ਮੇਰੀ ਨਜ਼ਰ ਤੈਥੋਂ ਪੁੱਛਦੀ ਹੈ,
'ਇਹ ਮੱਸਿਆ ਦੀ ਰਾਤ ਹੈ ਜਾਂ ਪੁੰਨਿਆ ਦੀ?'

ਮੈਂ ਜਾਣਦੈਂ, ਤੇਰਾ ਉਹ ਜਵਾਬ-ਜੋ ਅਕਸਰ ਹੁੰਦਾ ਸੀ,
'ਸਾਹਿਬ! ਇਹ ਦੋਸਤੀ ਦਾ ਹੁਸੀਨ ਰਿਸ਼ਤਾ-ਦਿਲ ਦੀ ਜਾਨ ਹੈ -
ਇਹ ਆਪਣਾ ਰੱਬ ਹੈ,ਖੁਦਾ ਹੈ,ਇਮਾਨ ਹੈ।ਦੋ ਰੂਹਾਂ ਇੱਕ ਜਾਨ ਹੈ।
ਲੋਕ ਕਹਿੰਦੇ ਨੇ ਕਹਿਣ ਦਿਉ-ਅਮਾਵਸ ਦੀ ਰਾਤ -
ਆਪਣੀ ਤਾਂ ਹਰ ਰਾਤ ਹੈ- - ਪੁੰਨਿਆ ਦੀ ਰਾਤ ।'

ਤੇਰੀ ਪੁਸ਼ਟੀ ਸੁਣ,ਮੇਰੀ ਨਜ਼ਰ,ਮੇਰੀ ਰੂਹ ਵਿਸਮਾਦੀ ਹੋ,
ਬ੍ਰਹਿਮੰਡ ਦੀ ਵਿਸ਼ਾਲਤਾ ਨੂੰ ਨਿਹਾਰਦੀ ਫੈਲ ਜਾਂਦੀ ਹੈ।



ਸੁਰਜੀਤ ਸਿੰਘ ਭੁੱਲਰ

# ਗੀਤ

ਪਿੰਡਾਂ ਸ਼ਹਿਰਾਂ ਦੀ ਪੰਚਾਇਤ
ਕਰੇ ਸਭ ਨੂੰ ਹਦਾਇਤ
ਕੰਮ ਲੋਕਾਂ ਮੂਹਰੇ ਕਦੇ ਵੀ ਨਾ ਅੜੂ ਮਿੱਤਰੋ,,,,,,,
ਪਏ ਰਹਿਣ ਭਾਵੇਂ ਦੁਕਾਨਾਂ ਉਤੇ ਗੱਟੂ
ਪਤੰਗ ਕਦੇ ਨਾ ਅਸਮਾਨ ਵਿੱਚ ਚੜੂ ਮਿਤਰੋ
ਪਤੰਗ ਕਦੇ ਨਾ ਅਸਮਾਨ ਵਿੱਚ ਚੜੂ ਮਿਤਰੋ,,,,,,,,,,

ਹਰ ਸਾਲ ਪੈਦਾ ਰਹਿੰਦਾ ਸ਼ੋਰ ਤੇ ਸ਼ਰਾਬਾਂ
ਕੌਣ ਸੁਣਦਾ ਕਿਸੇ ਦੀ ਦੱਸੋ ਗੱਲ ਜੀ
ਹਰ ਪਿੰਡ ਸ਼ਹਿਰ ਵਿਚ ਮਤੇ ਤੁਸੀਂ ਪਾਓ,,
ਇਸ ਗ਼ਲਤੀ ਦਾ ਇੱਕੋ ਇੱਕ ਹੱਲ ਜੀ
ਸੁੱਖ ਸ਼ਾਂਤੀ ਦੇ ਨਾਲ ਜਿਉਣਗੇ ਸਾਰੇ
ਕੋਈ ਨਾਂ ਕਿਸੇ ਦੇ ਨਾਲ ਲੜੂ ਮਿੱਤਰੋ
ਪਏ ਰਹਿਣ ਦਿਓ ਭਾਵੇਂ ਦੁਕਾਨਾਂ ਉਤੇ ਗੱਟੂ,,
ਪਤੰਗ ਕਦੇ ਨਾ ਅਸਮਾਨ ਵਿੱਚ ਚੜੂ ਮਿੱਤਰੋ,,,,,,,,

ਮਰਦੇ ਬਥੇਰੇ ਪੁੱਤ ਮਾਪਿਆ ਦੇ ਦੇਖੇ
ਪਾਕੇ ਰੌਲਾ ਜਾਣੇ ਤੁਸੀਂ ਭੁੱਲ ਓਏ
ਭੁੱਲ ਜਾਂਦੇ ਕਿੰਨੇ ਵਿੱਛੇ ਸੱਥਰ ਘਰਾਂ ਦੇ ਵਿੱਚ
ਮਾਇਆ ਉਤੇ ਜਾਣੇ ਫਿਰ ਡੁੱਲ ਓਏ
ਬਾਈਕਾਟ ਸਖ਼ਤੀ ਨਾਲ ਸਾਰੇ ਕਰੋ
ਮਾੜੀ ਨਾ ਕੋਈ ਨੀਤੀ ਏਥੇ ਘੜੋ ਮਿੱਤਰੋ
ਪਏ ਰਹਿਣ ਦਿਓ ਭਾਵੇਂ ਦੁਕਾਨਾਂ ਉਤੇ ਗੱਟੂ
ਪਤੰਗ ਕਦੇ ਨਾ ਅਸਮਾਨ ਵਿੱਚ ਚੜੂ ਮਿੱਤਰੋ,,,,,,,

ਗੁਰਮੀਤ ਡੁਮਾਣੇ ਵਾਲਾ ਹੱਥ ਜੋੜ ਆਖੇ,
ਆਖੇ ਲੱਗ ਜਾਓ ਨਾ ਕਰੋ ਮਨਮਾਨੀਆਂ
ਸੜਦੀਆਂ ਸਿਵਿਆਂ ਦੇ ਵਿੱਚ,ਵੇਖ
ਹੁੰਦੀਆਂ ਨਹੀਂ ਵੈਰੀਓ ਜਵਾਨੀਆਂ
ਮਾਪਿਆਂ ਨੇ ਧੀਆਂ ਪੁੱਤ ਚਾਵਾਂ ਨਾਲ ਪਾਲੇ
ਚਾਅ ਅੱਗ ਚ ਨਾ ਕਿਸੇ ਦਾ ਫੇਰ ਸੜੂ ਮਿੱਤਰੋ,,,
ਪਏ ਰਹਿਣ ਦਿਓ ਭਾਵੇਂ ਦੁਕਾਨਾਂ ਉਤੇ ਗੱਟੂ
ਪਤੰਗ ਕਦੇ ਨਾ ਅਸਮਾਨ ਵਿੱਚ ਚੜੂ ਮਿੱਤਰੋ
ਪਏ ਰਹਿਣ ਦਿਓ ਭਾਵੇਂ ਦੁਕਾਨਾਂ ਉਤੇ ਗੱਟੂ



ਗੀਤਕਾਰ
ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ

# ਕਿੱਥੋਂ ਵਿਕੇਗੀ ਡੋਰ

ਜਦ ਪਤੰਗ ਨੀ ਰਹਿਣਾ, ਕਿਉਂ ਵਿਕੇਗੀ ਡੋਰ।
ਕਾਹਤੋਂ ਕੁੱਤਾ ਭੌਂਕੂਗਾ, ਜਦ ਰਹਿਣਾ ਨੀ ਚੋਰ।

ਰਲ ਮਿਲ ਯਾਰੋ-ਦੋਸਤੋ, ਬੁਲੰਦ ਕਰੋ 'ਵਾਜ਼।
ਕੰਨਾਂ ਨੂੰ ਜੋ ਪਾੜ ਰਿਹਾ, ਬੰਦ ਕਰੋ ਉਹ ਸਾਜ਼।
ਨੱਥ ਉਨ੍ਹਾਂ ਨੂੰ ਪਾ ਦਿਓ, ਮਚਾ ਰਹੇ ਜੋ ਸ਼ੋਰ।
ਜਦ ਪਤੰਗ ਨੀ ਰਹਿਣਾ, ਕਿੱਥੋਂ ਵਿਕੇਗੀ ਡੋਰ।
ਕਾਹਤੋਂ ਕੁੱਤਾ ਭੌਂਕੂਗਾ, ਜਦ ਰਹਿਣਾ ਨੀ ਚੋਰ।

ਘੜੀ ਦਾ ਖੇਲ ਤੁਹਾਡਾ, ਲਊ ਕਿਸੇ ਦੀ ਜਾਨ।
ਹੱਥ ਲਹੂ ਨਾਲ ਰੰਗ ਕੇ, ਕੀ ਬਣ ਜਾਊ ਸ਼ਾਨ।
ਬੇ ਮੌਤੇ ਮਾਰ ਦਿਓ ਨਾ, ਐਵੇਂ ਕਿਸੇ ਦਾ ਛੋਹਰ।
ਜਦ ਪਤੰਗ ਨੀ ਰਹਿਣਾ, ਕਿਉਂ ਵਿਕੇਗੀ ਡੋਰ।
ਕਾਹਤੋਂ ਕੁੱਤਾ ਭੌਂਕੂਗਾ, ਜਦ ਰਹਿਣਾ ਨੀ ਚੋਰ।

ਰਲ ਮਿਲ ਕੇ 'ਗੁਰਜਿੰਦਰਾ', ਸਾਂਭ ਲਓ ਸਮਾਜ।
ਲਹਿੰਦੇ ਨੂੰ ਛੱਡ ਚੜ੍ਹਦੇ ਵੱਲ, ਭਰ ਲਓ ਪਰਵਾਜ਼।
ਮਜ਼ਲੂਮਾਂ ਤੇ ਮਾਸੂਮਾਂ ਮੂਹਰੇ, ਨਾ ਦਿਖਾਓ ਜ਼ੋਰ।
ਜਦ ਪਤੰਗ ਨੀ ਰਹਿਣਾ, ਕਿੱਥੋਂ ਵਿਕੇਗੀ ਡੋਰ।
ਕਾਹਤੋਂ ਕੁੱਤਾ ਭੌਂਕੂਗਾ, ਜਦ ਰਹਿਣਾ ਨੀ ਚੋਰ।



ਗੁਰਜਿੰਦਰ ਸਿੰਘ ਸਾਹਦੜਾ

# ਵਰੇਗੰਢ ਮੁਬਾਰਕ



ਸੀਨੀਅਰ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਅਤੇ ਦਲਜੀਤ ਕੌਰ ਕਲੇਰ ਕਾਠਗੜ੍ਹ ਨੇ ਅੱਜ ਆਪਣੇ ਵਿਆਹ ਦੀ 30 ਵੀਂ ਵਰੇਗੰਢ ਮਨਾਈ

# ਪਾਇਲਟਾਂ ਦੀ ਸੂਝਬੂਝ ਨਾਲ ਟਲੀ ਵੱਡੀ ਅਣਹੋਣੀ,ਪੰਛੀ ਨਾਲ ਟਕਰਾਣ ਮਗਰੋਂ ਜਹਾਜ਼ ਸੁਰੱਖਿਅਤ ਹਵਾਈ ਅੱਡੇ 'ਤੇ ਉਤਾਰਿਆ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਸਪੇਨ ਦੀ ਰਾਜਧਾਨੀ ਮੈਡ੍ਰਿਡ ਤੋਂ ਇੰਗਲੈਂਡ ਦੇ ਬ੍ਰਿਸਟਲ ਸ਼ਹਿਰ ਵੱਲ ਆ ਰਹੇ ਇੱਕ ਯਾਤਰੀ ਜਹਾਜ਼ ਨੂੰ ਉਡਾਣ ਦੌਰਾਨ ਅਚਾਨਕ ਪੈਦਾ ਹੋਏ ਸੰਕਟ ਕਾਰਨ ਆਪਣੀ ਨਿਰਧਾਰਤ ਮੰਜ਼ਿਲ ਤੋਂ ਕਾਫ਼ੀ ਦੂਰ ਹੋਰ ਹਵਾਈ ਅੱਡੇ 'ਤੇ ਉਤਾਰਨਾ ਪਿਆ। ਜਾਣਕਾਰੀ ਮੁਤਾਬਕ ਜਹਾਜ਼ ਦੀ ਉਡਾਣ ਦੌਰਾਨ ਪੰਛੀ ਨਾਲ ਟਕਰਾਅ ਹੋ ਗਿਆ, ਜਿਸ ਕਾਰਨ ਇੰਧਨ ਪ੍ਰਣਾਲੀ ਸਬੰਧੀ ਤਕਨੀਕੀ ਸਮੱਸਿਆ ਪੈਦਾ ਹੋ ਗਈ। ਹਵਾਈ ਕੰਟਰੋਲ ਅਤੇ ਪਾਇਲਟਾਂ ਵੱਲੋਂ ਤੁਰੰਤ ਸਥਿਤੀ ਦਾ ਜਾਇਜ਼ਾ ਲੈਂਦਿਆਂ ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦਿੰਦਿਆਂ ਜਹਾਜ਼ ਨੂੰ ਬ੍ਰਿਸਟਲ ਹਵਾਈ ਅੱਡੇ ਦੀ ਬਜਾਏ ਲਗਭਗ ਇਕ ਸੌ ਅੱਸੀ ਮੀਲ ਦੂਰ ਸਥਿਤ ਲਿਵਰਪੂਲ ਜੋਹਨ ਲੈਨਨ ਹਵਾਈ ਅੱਡੇ ਵੱਲ ਮੋੜਿਆ ਗਿਆ। ਜਹਾਜ਼ ਨੂੰ ਉੱਥੇ ਸੁਰੱਖਿਅਤ ਤਰੀਕੇ ਨਾਲ ਉਤਾਰ ਲਿਆ ਗਿਆ। ਹਵਾਈ ਅਧਿਕਾਰੀਆਂ ਅਨੁਸਾਰ ਪੰਛੀਆਂ ਨਾਲ ਟਕਰਾਅ ਹਵਾਈ ਯਾਤਰਾ ਦੌਰਾਨ ਵਾਪਰਨ ਵਾਲੀਆਂ ਆਮ ਘਟਨਾਵਾਂ ਵਿੱਚੋਂ ਇੱਕ ਹੈ, ਪਰ ਇਸ ਮਾਮਲੇ ਵਿੱਚ ਪਾਇਲਟਾਂ ਦੀ ਸੂਝਬੂਝ ਅਤੇ ਤੁਰੰਤ ਫੈਸਲੇ ਨੇ ਵੱਡੇ ਹਾਦਸੇ ਤੋਂ ਬਚਾਅ ਕਰ ਲਿਆ। ਜਹਾਜ਼ ਵਿੱਚ ਸਵਾਰ ਸਾਰੇ ਯਾਤਰੀ ਪੂਰੀ ਤਰ੍ਹਾਂ ਸੁਰੱਖਿਅਤ ਰਹੇ ਅਤੇ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ। ਉਤਰਨ ਮਗਰੋਂ ਯਾਤਰੀਆਂ ਨੂੰ ਹਵਾਈ ਅੱਡੇ 'ਤੇ ਕੁਝ ਸਮਾਂ ਉਡੀਕ ਕਰਵਾਈ ਗਈ, ਜਿੱਥੇ ਉਨ੍ਹਾਂ ਲਈ ਬਦਲਵੀਂ ਯਾਤਰਾ ਅਤੇ ਰਹਿਣ-ਸਹਿਣ ਦੇ ਪ੍ਰਬੰਧ ਕੀਤੇ ਗਏ। ਹਵਾਈ ਕੰਪਨੀ ਵੱਲੋਂ ਜਾਰੀ ਬਿਆਨ ਵਿੱਚ ਯਾਤਰੀਆਂ ਨੂੰ ਹੋਈ ਅਸੁਵਿਧਾ ਲਈ ਖੇਦ ਜਤਾਇਆ ਗਿਆ ਅਤੇ ਕਿਹਾ ਗਿਆ ਕਿ ਜਹਾਜ਼ ਦੀ ਪੂਰੀ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਹਵਾਈ ਯਾਤਰਾ ਦੌਰਾਨ ਸੁਰੱਖਿਆ ਪ੍ਰਬੰਧ, ਪਾਇਲਟਾਂ ਦੀ ਤਿਆਰੀ ਅਤੇ ਤੁਰੰਤ ਫੈਸਲੇ ਕਿੰਨੇ ਮਹੱਤਵਪੂਰਨ ਹੁੰਦੇ ਹਨ, ਜਿਨ੍ਹਾਂ ਨਾਲ ਸੰਕਟ ਦੀ ਘੜੀ ਵਿੱਚ ਸੈਂਕੜੇ ਯਾਤਰੀਆਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਦ ਨੋਰਵੁੱਡ ਸਕੂਲ ਚਾਹਲ ਵਿੱਚ ਗਣਤੰਤਰ ਦਿਵਸ ਮੌਕੇ ਕਰਵਾਏ ਗਏ ਪੇਂਟਿੰਗ ਮੁਕਾਬਲੇ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਦ ਨੋਰਵੁੱਡ ਸਕੂਲ, ਚਾਹਲ ਵਿਖੇ 77 ਵੇਂ ਗਣਤੰਤਰ ਦਿਵਸ ਮੌਕੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥੀਆਂ ਨੇ ਹੱਥੀਂ ਪੇਂਟਿੰਗਾਂ ਤੇ ਅਲੱਗ-ਅਲੱਗ ਕਲਾਕ੍ਰਿਤੀਆਂ ਬਣਾ ਕੇ ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ । ਇਸ ਮੌਕੇ ਮੁੱਖ ਮਹਿਮਾਨ ਅਮਨਦੀਪ ਸਿਵਲ ਜੱਜ ਧਨੌਰਾ ਉੱਤਰ ਪ੍ਰਦੇਸ਼ ਜੀ ਨੇ ਸਕੂਲ ਦਾ ਦੌਰਾ ਕੀਤਾ ਤੇ ਬੱਚਿਆਂ ਨੂੰ ਸ਼ਾਬਾਸ਼ੀ ਦਿੰਦੇ ਹੋਏ ਉਹਨਾਂ ਦੀ ਹੌਸਲਾ ਅਫਜਾਈ ਕੀਤੀ। ਉਹਨਾਂ ਵਿਦਿਆਰਥੀਆਂ ਨੂੰ ਜਿੰਦਗੀ ਵਿੱਚ ਹਮੇਸ਼ਾ ਅੱਗੇ ਵੱਧਦੇ ਰਹਿਣ ਤੇ ਜਿੰਦਗੀ ਦੀ ਹਰ ਚੁਨੌਤੀ ਨਾਲ ਨਜਿੱਠਣ ਲਈ ਪ੍ਰੇਰਿਤ ਕੀਤਾ। ਸਕੂਲ ਮੈਨੇਜਮੈਂਟ ਨੇ ਸ੍ਰੀ ਅਮਨਦੀਪ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕੀਤਾ।





# ਪੰਜਾਬ ਸਰਕਾਰ ਵੱਲੋਂ ਸਟੇਜ ਨਾਟਕ 'ਹਮਾਰੇ ਰਾਮ' ਦੇ ਸ਼ੋਅ ਵਿਖਾਉਣ ਦੇ ਫੈਸਲੇ ਦੀ ਸਖ਼ਤ ਨਿਖੇਧੀ

**● ਜਨਤਕ ਸਰਮਾਏ ਨੂੰ ਧਾਰਮਿਕ ਕਾਰਜਾਂ ਤੇ ਖ਼ਰਚ ਕਰਨਾ .ਗੈਰ ਸੰਵਿਧਾਨਿਕ: ਤਰਕਸ਼ੀ.ਲ ਸੁਸਾਇਟੀ ● ਧਾਰਮਿਕ ਆਸਥਾ ਦੀ ਬਜਾਏ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੱਲ ਧਿਆਨ ਦੇਵੇ ਸਰਕਾਰ**

**ਬਰਨਾਲਾ** । ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਸਰਕਾਰ ਵੱਲੋਂ ਪਿਛਲੇ ਹਫ਼ਤੇ ਕੈਬਨਿਟ ਮੀਟਿੰਗ ਵਿੱਚ ਪਾਸ ਕੀਤੇ ਫੈਸਲੇ ਤਹਿਤ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਰਕਾਰੀ ਖ਼ਰਚੇ ਤੇ ਸਟੇਜ ਨਾਟਕ 'ਹਮਾਰੇ ਰਾਮ' ਦੇ 40 ਸ਼ੋਅ ਵਿਖਾਉਣ ਦੇ ਗੈਰ ਸੰਵਿਧਾਨਕ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ ਅਤੇ ਧਾਰਮਿਕ ਆਸਥਾ ਦੀ ਬਜਾਏ ਆਮ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੱਲ ਵੱਧ ਧਿਆਨ ਦੇਣ ਦੀ ਮੰਗ ਕੀਤੀ ਹੈ। ਇਸ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜਪਾਲ ਸਿੰਘ,ਸੁਮੀਤ ਅੰਮ੍ਰਿਤਸਰ, ਰਾਮ ਸਵਰਨ ਲੱਖੇਵਾਲੀ ਅਤੇ ਜਸਵਿੰਦਰ ਫਗਵਾੜਾ ਨੇ ਤਰਕਸ਼ੀ.ਲ ਭਵਨ ਤੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਭਾਰਤੀ ਸਟੇਟ ਦਾ ਇਕ ਧਰਮ ਨਿਰਲੇਪ ਆਧਾਰ ਹੈ ਅਤੇ ਧਰਮ ਨੂੰ ਮੰਨਣ ਜਾਂ ਨਾ ਮੰਨਣ ਦਾ ਹਰੇਕ ਵਿਅਕਤੀ ਦਾ ਨਿੱਜੀ ਮਾਮਲਾ ਹੈ ,ਇਸ ਲਈ ਪੰਜਾਬ ਸਰਕਾਰ ਵੱਲੋਂ ਲੋਕਾਂ ਤੋਂ ਟੈਕਸਾਂ ਦੇ ਰੂਪ ਵਿੱਚ ਇਕੱਠੇ ਕੀਤੇ ਕੀਮਤੀ ਜਨਤਕ ਸਰਮਾਏ ਨੂੰ ਕਿਸੇ ਵੀ ਧਰਮ ਨੂੰ ਪ੍ਰੋਤਸਾਹਿਤ ਕਰਨ ਅਤੇ ਧਾਰਮਿਕ ਕਾਰਜਾਂ ਉੱਤੇ ਫਜ਼ੂਲ ਖਰਚ ਕਰਨ ਦਾ ਕੋਈ ਸੰਵਿਧਾਨਿਕ ਅਧਿਕਾਰ ਨਹੀਂ ਹੈ। ਤਰਕਸ਼ੀਲ ਆਗੂਆਂ ਨੇ ਮੋਦੀ ਸਰਕਾਰ ਦੇ ਦਬਾਅ ਹੇਠ ਕੀਤੇ ਇਸ ਫੈਸਲੇ ਦਾ ਡਟਵਾਂ ਵਿਰੋਧ ਕਰਦਿਆਂ ਕਿਹਾ ਕਿ ਪ੍ਰਤੀ ਵਿਅਕਤੀ 799 ਰੁਪਏ ਦੀ ਟਿਕਟ ਦੇ ਸਰਕਾਰੀ ਖਰਚੇ ਤੇ ਕਿਸੇ ਵਿਸ਼ੇਸ਼ ਧਰਮ ਨਾਲ ਸਬੰਧਿਤ ਧਾਰਮਿਕ ਨਾਟਕ ਵਿਖਾਉਣ ਅਤੇ ਧਾਰਮਿਕ ਸਮਾਗਮ ਕਰਵਾਉਣ ਦੇ ਫੈਸਲਿਆਂ ਦਾ ਆਮ ਲੋਕਾਂ ਦੇ ਬੁਨਿਆਦੀ ਵਿਕਾਸ ਜਾਂ ਭਲਾਈ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਅਜਿਹਾ ਫੈਸਲਾ ਜਿੱਥੇ ਫ਼ਿਰਕੂ ਸਿਆਸੀ ਹਿੱਤਾਂ ਤੇ ਅਧਾਰਤ ਹੈ ਉੱਥੇ ਹੀ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐੱਚ) ਹੇਠ ਨਾਗਰਿਕਾਂ ਦੇ ਵਿਗਿਆਨਕ ਚੇਤਨਾ ਦੇ ਵਿਕਾਸ ਦੀ ਭਾਵਨਾ ਦੇ ਬਿਲਕੁਲ ਉਲਟ ਵੀ ਹੈ। ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਇਕ ਪਾਸੇ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਘਾਟ ਕਰਕੇ ਪੰਜਾਬ ਦੇ ਪੜ੍ਹੇ ਲਿਖੇ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ, ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਨਹੀਂ ਕੀਤਾ ਜਾ ਰਿਹਾ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਅਧਿਆਪਕਾਂ ਦੀਆਂ ਹੱਕੀ ਆਰਥਿਕ ਮੰਗਾਂ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਪਰ ਇਸਦੇ ਬਿੱਲਕੁਲ ਉਲਟ ਲੋਕਾਂ ਦੀ ਧਾਰਮਿਕ ਆਸਥਾ ਦੀ ਆੜ ਹੇਠ ਵੋਟਾਂ ਬਟੋਰਨ ਦੀ ਫ਼ਿਰਕੂ ਸਿਆਸਤ ਕਰਕੇ ਕਰੋੜਾਂ ਰੁਪਏ ਦੀ ਬਰਬਾਦੀ ਕੀਤੀ ਜਾ ਰਹੀ ਹੈ।

ਤਰਕਸ਼ੀਲ ਸੁਸਾਇਟੀ ਨੇ ਪੰਜਾਬ ਸਰਕਾਰ ਤੋਂ ਜੋਰਦਾਰ ਮੰਗ ਕੀਤੀ ਹੈ ਕਿ ਧਾਰਮਿਕ ਆਸਥਾ ਦੀ ਆੜ ਹੇਠ ਕਰੋੜਾਂ ਰੁਪਏ ਦੇ ਜਨਤਕ ਸਰਮਾਏ ਦੀ ਕੀਤੀ ਜਾ ਰਹੀ ਬਰਬਾਦੀ ਦੇ ਫ਼ੈਸਲਿਆਂ ਨੂੰ ਤੁਰੰਤ ਰੱਦ ਕੀਤਾ ਜਾਵੇ।

**ਜਾਰੀ ਕਰਤਾ**
**ਸੁਮੀਤ ਸਿੰਘ**
**ਸੂਬਾਈ ਮੀਡੀਆ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**

# ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਸਭਾ ਵਲੋਂ ਸ਼ੈਸ਼ਨ ਚੌਂਕ 'ਚ ਤਿਰੰਗਾ ਸਭਾ ਦੇ ਪ੍ਰਧਾਨ ਬਲਵੀਰ ਸਿੰਘ ਹੀਰ ਨੇ ਲਹਿਰਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 77ਵੇਂ ਗਣਤੰਤਰ ਦਿਵਸ ਦੀ ਖੁਸ਼ੀ ਵਜੋਂ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਸਭਾ (ਰਜਿ:) ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਬਲਵੀਰ ਸਿੰਘ ਹੀਰ ਨੇ ਸੈਸ਼ਨ ਚੌਂਕ ਹੁਸ਼ਿਆਰਪੁਰ ਵਿਖੇ ਕੌਂਮੀ ਤਿਰੰਗਾ ਝੰਡਾ ਲਹਿਰਾਇਆ। ਇਸ ਸ਼ੁਭ ਮੌਕੇ ਤੇ ਭਾਰੀ ਗਿਣਤੀ ਵਿੱਚ ਦੇਸ਼ ਪ੍ਰੇਮੀ ਸ਼ਾਮਿਲ ਹੋਏ। ਪ੍ਰਧਾਨ ਬਲਵੀਰ ਸਿੰਘ ਹੀਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਦੇ ਦਿਨ ਸਾਡੇ ਦੇਸ਼ ਦਾ ਸੰਵਿਧਾਨ ਜੋ ਕਿ ਭਾਰਤ ਰਤਨ ਡਾ ਬੀ.ਆਰ.ਅੰਬੇਡਕਰ ਜੀ ਦਾ ਲਿਖਿਆ ਹੋਇਆ ਸੀ, ਲਾਗੂ ਹੋਇਆ ਸੀ। ਜਿਸ ਵਿੱਚ ਸਭ ਵਰਗਾਂ ਨੂੰ ਸਮਾਜਿਕ ਤੇ ਆਰਥਿਕ ਤੌਰ ਤੇ ਇਕ ਬਰਾਬਰ ਅਧਿਕਾਰ ਦਿੱਤੇ ਗਏ ਸਨ ਅਤੇ ਇਸ ਸੰਵਿਧਾਨ ਦੇ ਮੁਤਾਬਿਕ ਸਾਡਾ ਦੇਸ਼ ਬੁਲੰਦੀਆਂ ਤੇ ਪੁੱਜਿਆ ਹੈ। ਇਸ ਮੌਕੇ ਸ਼੍ਰੀ ਅਵਤਾਰ ਚੰਦ ਭੁਟੋ ਨੂੰ ਸਨਮਾਨਿਤ ਵੀ ਕੀਤਾ ਗਿਆ। ਜਿਸ ਦੁਆਰਾ ਬਾਡੀ ਬਿਲਡਰ ਮੁਕਾਬਲੇ ਵਿੱਚ ਇੰਟਰਨੈਸ਼ਨਲ ਸਟੇਜ ਤੇ ਤਿੰਨ ਵਾਰ ਗੋਲਡ ਮੈਡਲ ਪ੍ਰਾਪਤ ਕੀਤੇ। ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਸ ਖਿਡਾਰੀ ਨੂੰ ਨੈਸ਼ਨਲ ਅਵਾਰਡ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਸ਼੍ਰੀ



ਚਰਨਜੀਤ ਸਿੰਘ ਭਲੇਠ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਬੀ.ਆਰ. ਬੱਧਣ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਬਲਵਿੰਦਰ ਕੌਰ ਐਮ.ਸੀ, ਜਸਵਿੰਦਰ ਸਿੰਘ ਮੁੱਖ ਸਲਾਹਕਾਰ, ਕਸ਼ਮੀਰੀ ਲਾਲ ਕੈਸ਼ੀਅਰ, ਗੁਰਮੁੱਖ ਸਿੰਘ ਭਾਰਦਵਾਜ ਮੁੱਖ ਖਜਾਨਚੀ, ਓਮ ਪ੍ਰਕਾਸ਼ ਲੁਥਰਾ, ਹਰਵਿੰਦਰ ਸਿੰਘ, ਹਰਭਗਵਾਨ, ਦਿਲਬਾਗ ਸਿੰਘ ਝੱਮਟ, ਹਰਵਿੰਦਰ ਕੁਮਾਰ ਨੰਬਰਦਾਰ, ਗੁਰਦੇਵ ਸਿੰਘ, ਦਲਵੀਰ ਸਿੰਘ ਭਟਰਾਣਾ, ਗੁਰਮੇਲ ਸਿੰਘ ਸ਼ੇਰਗੜ, ਰਜਿੰਦਰ ਕੁਮਾਰ ਸ਼ੇਰਗੜ੍ਹ, ਗੁਰਪਾਲ ਸਿੰਘ, ਗੁਰਦੇਵ ਰਾਜ, ਗੁਰਮਤੀ ਸਿੰਘ, ਸ਼ਾਦੀ ਲਾਲ, ਸਤੀਸ਼ ਕੁਮਾਰ ਆਦਿ ਮੌਜੂਦ ਸਨ।

# ਚੰਦਰ ਪ੍ਰਕਾਸ਼ ਸੈਣੀ ਨੂੰ ਗਣਤੰਤਰ ਦਿਵਸ ਮੌਕੇ ਸਮਾਜਿਕ ਸੇਵਾਵਾਂ ਲਈ ਕੀਤਾ ਸਨਮਾਨਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਗਣਤੰਤਰ ਦਿਵਸ ਦੇ ਮੌਕੇ ਸਮਾਜ ਸੇਵਾ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਸ਼੍ਰੀ ਚੰਦਰ ਪ੍ਰਕਾਸ਼ ਸੈਣੀ, ਜੋ ਕਿ ਸਰਕਾਰੀ ਐਲੀਮੈਂਟਰੀ ਸਕੂਲ ਬਾਗਪੁਰ ਵਿੱਚ ਆਪਣੀ ਡਿਊਟੀ ਨਿਭਾ ਰਹੇ ਹਨ, ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜ਼ਿਆ ਗਿਆ। ਉਨ੍ਹਾਂ ਨੂੰ ਇਹ ਸਨਮਾਨ ਖ਼ਾਸ ਤੌਰ ’ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੀਤੀਆਂ ਗਈਆਂ ਲਗਾਤਾਰ ਸੇਵਾਵਾਂ, ਰਾਹਤ ਵੰਡ ਅਤੇ ਪੀੜ੍ਹਤਾਂ ਦੀ ਮਦਦ ਲਈ ਦਿੱਤਾ ਗਿਆ। ਇਹ ਸਨਮਾਨ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਮਾਣਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਪ੍ਰਦਾਨ ਕੀਤਾ ਗਿਆ। ਜਦੋਂ ਖੇਤਰ ਵਿੱਚ ਹੜ੍ਹ ਆਏ ਸੀ, ਉਸ ਸਮੇਂ



ਚੰਦਰ ਪ੍ਰਕਾਸ਼ ਸੈਣੀ ਨੇ ਬਿਨਾਂ ਕਿਸੇ ਭੇਦਭਾਵ ਦੇ ਮਨੁੱਖੀ ਸੇਵਾ ਨੂੰ ਆਪਣਾ ਫਰਜ਼ ਮੰਨਦੇ ਹੋਏ ਜ਼ਮੀਨੀ ਪੱਧਰ ’ਤੇ ਸੇਵਾ ਕਾਰਜ ਕੀਤੇ। ਉਨ੍ਹਾਂ ਨੇ ਆਪਣੀ ਟੀਮ ਨਾਲ ਮਿਲ ਕੇ ਹੜ੍ਹ ਪੀੜ੍ਹਤ ਪਰਿਵਾਰਾਂ ਤੱਕ ਖਾਦ ਸਮੱਗਰੀ, ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਕੱਪੜੇ, ਦਵਾਈਆਂ ਅਤੇ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਵਸਤਾਂ ਪਹੁੰਚਾਈਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਬੁਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਦੀ ਵਿਸ਼ੇਸ਼ ਦੇਖ-ਭਾਲ ਵੀ ਕੀਤੀ।

# ਸਿੱਖ ਨੈਸ਼ਨਲ ਕਾਲਜ ਬੰਗਾ ਦਾ ਸੱਤ ਰੋਜ਼ਾ ਐਨ ਐਸ ਐਸ ਕੈਂਪ ਸਮਾਪਤ

## ਕਾਲਜ ਵਲੋਂ ਵਲੰਟੀਅਰਜ਼ ਨੂੰ ਕੀਤਾ ਸਨਮਾਨਿਤ

**ਬੰਗਾ (ਸਤਨਾਮ ਸਿੰਘ ਸਹੂੰਗੜਾ)**
ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐੱਨ ਐੱਸ ਐੱਸ ਵਿਭਾਗ ਵਲੋਂ ਆਯੋਜਿਤ ਸੱਤ ਰੋਜ਼ਾ ਕੈਂਪ ਮਿਤੀ 24 ਦਸੰਬਰ, 2025 ਨੂੰ ਸਫਲਤਾਪੂਰਵਕ ਸੰਪੰਨ ਹੋਇਆ। ਕੈਂਪ ਦੇ ਅੰਤਲੇ ਸੈਸ਼ਨ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਕੀਤੀ ਜਦ ਕਿ ਪਿੰਡ ਗੋਬਿੰਦਪੁਰ ਦੇ ਸਰਪੰਚ ਸ. ਸਤਪਾਲ ਸਿੰਘ ਲੌਂਗੀਆਂ ਜੀ ਨੇ ਮੁੱਖ ਮਹਿਮਾਨ ਵਜੋਂ ਅਤੇ ਗੁਰੁਦਆਰਾ ਸਾਹਿਬ ਦੇ ਪ੍ਰਧਾਨ ਸ. ਜੋਗਾ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਮੈਂਬਰ ਪੰਚਾਇਤ ਸ.ਅਮਰਜੀਤ ਸਿੰਘ, ਮੈਡਮ ਰੀਨਾ ਰਾਏ, ਅਤੇ ਗੁਰਪ੍ਰੀਤ ਕੌਰ ਵੀ ਇਸ ਸਮਾਗਮ ਦਾ ਹਿੱਸਾ ਬਣੇ।ਸਭ ਤੋਂ ਪਹਿਲਾਂ ਆਏ ਹੋਏ ਮਹਿਮਾਨਾਂ ਦਾ ਪ੍ਰਿੰਸੀਪਲ ਸਾਹਿਬ ਵੱਲੋਂ ਫੁੱਲਾਂ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਉਹਨਾਂ ਨੇ ਪਿਛਲੇ ਦਿਨੀਂ ਕੈਂਪ ਦੌਰਾਨ ਵਲੰਟੀਅਰ ਵਜੋਂ ਗੋਬਿੰਦਪੁਰ ਪਿੰਡ ਵਿਚ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਐੱਨਐੱਸਐੱਸ ਵਿਭਾਗ ਵਲੋਂ ਪ੍ਰਦਾਨ ਕੀਤੇ ਜਾਦੇ ਮੌਕਿਆਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਵਿਦਿਆਰਥੀ ਵੱਧ ਤੋਂ ਵੱਧ ਇਕ ਨਰੋਏ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾ ਸਕਣ।ਸ. ਜੋਗਾ ਸਿੰਘ ਜੀ ਨੇ ਵਿਦਿਆਰਥੀਆਂ



ਨਾਲ ਆਪਣੇ ਅਨੁਭਵ ਸਾਂਝੇ ਕੀਤੇ।ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸ. ਸਤਪਾਲ ਸਿੰਘ ਲੌਂਗੀਆਂ ਜੀ ਨੇ ਆਪਣੇ ਸੰਬੋਧਨ ਰਾਹੀਂ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲੋਂ ਨਾ ਟੁੱਟਣ ਦੀ ਤਾਕੀਦ ਕਰਦਿਆਂ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ਅਤੇ ਗੁਣਵਾਨ ਵਿੱਦਿਆ ਹਾਸਲ ਕਰਕੇ ਪੰਜਾਬ ਵਿੱਚ ਹੀ ਰਹਿ ਕੇ ਆਪਣੇ ਭਵਿੱਖ ਨੂੰ ਸੰਵਾਰਨ ਬਾਰੇ ਵਿਦਿਆਰਥੀਆਂ ਪਾਸੋਂ ਆਸ ਪ੍ਰਗਟਾਈ। ਇਸ ਮੌਕੇ ਸੁਖਮਨਵੀਰ ਸਿੰਘ, ਇਸ਼ਮੀਤ ਕੌਰ, ਹਰਮਨ ਵੱਲੋਂ ਸੱਭਿਆਚਾਰਕ ਵੰਨਗੀਆਂ ਦੀਆਂ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ ਅਤੇ ਰਾਹੁਲ ਸ਼ਰਮਾ, ਰਾਹੁਲ ਦੁੱਗ, ਓਮਸੀ,ਅਤੇ ਕਿਰਨ-ਜੋਤ, ਸਮਰੱਥਜੀਤ ਸਿੰਘ ਵੱਲੋਂ ਆਪਣੇ ਤਜਰਬੇ ਸਾਂਝੇ ਕੀਤੇ ਗਏ।ਸੀਨੀਅਰ ਪ੍ਰੋਗਰਾਮ ਅਫਸਰ ਪ੍ਰੋ. ਵਿਪਨ ਜੀ ਵੱਲੋਂ ਕੈਂਪ ਦੀ ਰਿਪੋਰਟ ਪੇਸ਼ ਕੀਤੀ ਗਈ। ਸਮੁੱਚੇ ਕੈਂਪ ਦੌਰਾਨ ਵਿਚਾਰ - ਚਰਚਾਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਵਿੱਚੋਂ ਸੁਖਮਨਵੀਰ ਸਿੰਘ, ਪ੍ਰਵੀਨ ਰੱਲ, ਕਿਰਨਜੋਤ ਕੌਰ ਅਤੇ ਪੋਸਟਰ ਮੁਕਾਬਲੇ ਵਿੱਚੋਂ ਮੁਸਕਾਨ, ਆਰਤੀ ਅਤੇ ਸਿਧਾਰਥ ਨੂੰ ਸਨਮਾਨਿਤ ਕੀਤਾ ਗਿਆ ਅਤੇ ਕੈਂਪ ਦੌਰਾਨ ਵਧੀਆ ਕਾਰਗੁਜ਼ਾਰੀ ਲਈ ਹੰਸ਼ਵੀਰ,ਰਾਹੁਲ ਦੁੱਗ, ਸੁਖਨੀਤ ਅਤੇ ਨਵਨੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ।ਸਰਵੋਤਮ ਵਲੰਟੀਅਰ ਦਾ ਸਨਮਾਨ ਰਾਹੁਲ (ਲੜਕੇ) ਅਤੇ ਮਨਜੋਤ ਕੌਰ (ਲੜਕੀਆਂ) ਨੂੰ ਦਿੱਤਾ ਗਿਆ।ਪ੍ਰੋਗਰਾਮ ਅਫ਼ਸਰ ਡਾ. ਨਿਰਮਲਜੀਤ ਕੌਰ ਨੇ ਕੈਂਪ ਦੌਰਾਨ ਹੋਏ ਅਨੁਭਵਾਂ ਨੂੰ ਸਾਂਝੇ ਕਰਨ ਦੇ ਨਾਲ ਨਾਲ ਮੰਚ ਸੰਚਾਲਨ ਕੀਤਾ।ਇਸ ਮੌਕੇ ਪ੍ਰੋਗਰਾਮ ਅਫ਼ਸਰ ਤਜਿੰਦਰ ਸਿੰਘ, ਪ੍ਰੋ. ਮਨਰਾਜ ਕੌਰ ਜੀ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਮਾਪਤੀ ਸਮਾਰੋਹ ਦੇ ਆਖਰ ਵਿੱਚ ਪ੍ਰੋ. ਵਿਪਨ ਜੀ ਵਲੋਂ ਵਿਭਾਗ ਦੀਆਂ ਆਉਣ ਵਾਲੀਆਂ ਗਤੀਵਿਧੀਆਂ ਤੋਂ ਵਲੰਟੀਅਰਾਂ ਨੂੰ ਜਾਣੂ ਕਰਵਾਉਦਿਆਂ ਕੈਂਪ ਨਾਲ ਜੁੜੇ ਹਰ ਵਿਅਕਤੀ (ਡਾ.ਜੋਤੀ ਪ੍ਰਕਾਸ਼, ਪ੍ਰੋ ਮਨਮੰਤ ਸਿੰਘ,ਕਾਲਜ ਸੁਪਰਡੈਂਟ ਸ. ਪਰਮਜੀਤ ਸਿੰਘ,ਸ.ਅਮਨਦੀਪ ਸਿੰਘ, ਅਮਨ ਕੰਡਾ, ਨਵਜੀਤ ਸਿੰਘ ) ਦਾ ਧੰਨਵਾਦ ਕੀਤਾ ਗਿਆ।ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਵਿਦਿਆਰਥੀ ਨੂੰ ਸਰਟੀਫਿਕੇਟ ਜਾਰੀ ਕੀਤੇ ਗਏ॥ ਇਸ ਮੌਕੇ ਰਿਫਰੈਸ਼ਮੈਂਟ ਦਾ ਖ਼ਾਸ ਖਿਆਲ ਰੱਖਿਆ ਗਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਮਲੀ ਜਾਮਾ ਪਹਿਨਾਉਣ ਵਾਲੇ ਬਾਬਾ ਸਾਹਿਬ ਡਾ ਅੰਬੇਡਕਰ ਸਨ : ਡਾ ਨਛੱਤਰ ਪਾਲ ਐਮ ਐਲ ਏ

**ਬੰਗਾ (ਚਰਨਜੀਤ ਸੱਲ੍ਹਾਂ )** ਪਿੰਡ ਉੱਚੀ ਪੱਲੀ ਵਿੱਚ ਪਹਿਲਾ ਜਨ ਜਾਗ੍ਰਿਤੀ ਸੰਮੇਲਨ 25 ਜਨਵਰੀ 2026 ਨੂੰ ਨਗਰ ਨਿਵਾਸੀਆਂ ਵੱਲੋਂ ਐਨ,ਆਰ, ਆਈ ਸਾਥੀਆਂ ਦੇ ਸਹਿਯੋਗ ਨਾਲ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਪ੍ਰਗਤੀ ਕਲਾ ਕੇਂਦਰ ਰਜਿ ਲਾਂਦੜਾ ਵੱਲੋਂ ਆਪਣੀਆਂ ਕੋਰੀਉਗ੍ਰਾਫੀਆਂ , ਜਾਗ ਮਿੱਟੀ ਦਿਆ ਮਾਧੋਆ , ਐ ਔਰਤ ਤੇਰੀ ਦਰਦ ਕਹਾਣੀ, ਮਿਸ਼ਨਰੀ ਬੋਲੀਆਂ ਤੇ ਨਾਚ ਅਤੇ ਓਪੇਰਾ "ਮਾਂ ਰਮਾ ਬਾਈ " ਪੇਸ਼ਕਾਰੀਆਂ ਦਾ ਮੰਚਨ ਕੀਤਾ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਹਲਕਾ ਨਵਾਂ ਸ਼ਹਿਰ ਦੇ ਵਿਧਾਇਕ ਮਾਣਯੋਗ ਨਛੱਤਰ ਪਾਲ ਜੀ ਆਪਣੀ ਟੀਮ ਸਮੇਤ ਵੀ ਸ਼ਾਮਿਲ ਹੋਏ। ਉਨ੍ਹਾਂ ਨੇ ਲੰਬੀ ਸਪੀਚ ਕਰਦਿਆ ਇਹ ਗੱਲ ਕਹੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਮਲੀ ਜਾਮਾ ਪਹਿਨਾਉਣ ਵਾਲੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਸਨ ਜਿਨ੍ਹਾਂ ਨੇ ਸੰਵਿਧਾਨ ਵਿੱਚ ਸਭ ਨੂੰ ਬਰਾਬਰ ਅਧਿਕਾਰ ਦਿੱਤੇ।ਇਸ ਤੋਂ ਇਲਾਵਾ ਕਰਨ ਹਸਪਤਾਲ ਬੰਗਾ ਦੇ ਡਾਕਟਰ ਮਾਣਯੋਗ ਸ. ਬਖਸ਼ੀਸ਼ ਸਿੰਘ, ਮੁੱਖ ਬੁਲ-ਾਰੇ ਉੱਘੇ ਗਾਇਕ ਧਰਮਿੰਦਰ ਮਸਾਣੀ , ਨਿਰਮਲ ਭਾਰਟਾ , ਗੁਰਦਾਵਰ ਸਿੰਘ ਸਾਬਕਾ ਸਰਪੰਚ,ਹਰਦੀਪ ਦੀਪਾ ਸਾਬਕਾ ਸਰਪੰਚ, ਗੁਰਮੀਤ ਸਿੰਘ, ਮੱਖਣ ਸਰੋਏ , ਸੋਨੀ ਸਰੋਆ, ਰਾਜ ਦਦਰਾਲ (ਗਾਇਕ) ਡਾਕਟਰ ਜਸਵਿੰਦਰ ਭਾਰਟਾ, ਮਾਸਟਰ ਲਖਵਿੰਦਰ ਭੌਰਾ, ਮਾਸਟਰ ਸੋਮ ਨਾਥ, ਰਾਜਕੁਮਾਰ ਨੇ ਵੀ ਆਪਣੀ ਹਾਜ਼ਰੀ ਵਿਸ਼ੇਸ਼ ਤੌਰ ਤੇ ਲਗਾਈ। ਸਟੇਜ ਦੀ ਜ਼ਿੰਮੇਵਾਰੀ ਲਖਵੀਰ ਸਰੋਏ ਜੀ









ਨੇ ਬਾਖੂਬੀ ਨਿਭਾਈ। ਡਾ. ਬਲਜੀਤ ਕੌਰ ਸਾਈਪ੍ਰਸ ਦੇ ਪਰਿਵਾਰ ਵੱਲੋਂ ਵੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਯੋਗਦਾਨ ਪਾਇਆ। ਸੋਢੀ ਰਾਣਾ ਆਪਣੀਆਂ ਕੋਰੋਗ੍ਰਾਫੀਆ ਰਾਹੀਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਸਮਾਗਮ ਵਿੱਚ ਇੱਕ ਵੱਖਰੀ ਛਾਪ ਛੱਡੀ ਜਿਹੜੀ ਕਿ ਲੋਕਾਂ ਦੇ ਦਿਲਾਂ ਵਿੱਚ ਘਰ ਕਰ ਗਈ।

# ਸ਼ੁਕਰਾਨਾ ਸਮਾਗਮ ਮੌਕੇ ਅੱਪਰੇ ਤੋਂ ਸੰਗਤ ਲਈ ਚਲਾਈ ਗਈ ਫ੍ਰੀ ਬੱਸ

**ਫਿਲੌਰ/ਅੱਪਰਾ, (ਦੀਪਾ)-** ਬੀਤੇ ਦਿਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 328 ਸਰੂਪਾਂ ਵਾਰੇ ਚੱਲੇ ਘਟਨਾਕ੍ਰਮ ਤੋਂ ਬਾਅਦ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਪ੍ਰਬੰਧਕ ਕਮੇਟੀ ਵਲੋਂ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ । ਇਸ ਮੌਕੇ ਰਾਜਾ ਸਾਹਿਬ ਮਜਾਰਾ ਵਿਖੇ ਪਹੁੰਚਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਸ੍ਰੀ ਨਾਭ ਕੰਵਲ ਕਮੇਟੀ ਅੱਪਰਾ ਅਤੇ ਸਮੂਹ ਸੇਵਾਦਾਰਾਂ ਵਲੋਂ ਬੱਸ ਅੱਡਾ ਅੱਪਰਾ ਤੋਂ ਮਜਾਰਾ ਰਾਜਾ ਸਾਹਿਬ ਲਈ ਫ੍ਰੀ ਬੱਸ ਸੇਵਾ ਦਾ ਪ੍ਰਬੰਧ ਕੀਤਾ ਗਿਆ ।



ਇਹਨਾਂ ਬੱਸਾਂ ਬੱਸ ਅੱਡਾ ਅੱਪਰਾ ਤੋਂ ਸੰਗਤ ਨੂੰ ਰਾਜਾ ਸਾਹਿਬ ਵਿਖੇ ਲਿਜਾਇਆ ਗਿਆ ਅਤੇ ਸਮਾਗਮ ਦੀ ਸਮਾਪਤੀ ਉਪਰੰਤ ਸੰਗਤ ਦੀ ਵਾਪਸੀ ਦਾ ਪ੍ਰਬੰਧ ਵੀ ਕੀਤਾ ਗਿਆ ।

# ਆਪ ਸਰਕਾਰ ਚੜ੍ਹਦੀਕਲਾ ਫੰਡ ਰਾਹੀਂ ਇਕੱਠੇ ਕੀਤੇ ਪੈਸੇ ਦੇ ਵੇਰਵੇ ਜਨਤਕ ਕਰੇ: ਅਕਾਲੀ ਦਲ ਵਪਾਰ ਵਿੰਗ

## ਆਪ ਸਰਕਾਰ ਜ਼ਬਰੀ ਛਾਪੇਮਾਰੀ ਨਾਲ ਵਪਾਰ ਤੇ ਉਦਯੋਗ ਤੋਂ ਫਿਰੌਤੀ ਵਸੂਲ ਰਹੀ ਹੈ : ਐਨ ਕੇ ਸ਼ਰਮਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਵਪਾਰ ਵਿੰਗ ਨੇ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਪਾਰ ਤੇ ਉਦਯੋਗ ਤੋਂ ਇਕੱਠੇ ਕੀਤੇ ਚੜ੍ਹਦੀਕਲਾ ਫੰਡ ਦੇ ਵੇਰਵੇ ਦੱਸੇ ਅਤੇ ਸਰਕਾਰ ਨੂੰ ਕਿਹਾ ਕਿ ਉਹ ਦੱਸੇ ਕਿ ਇਸ ਫੰਡ ਤੋਂ ਕਿਸਾਨਾਂ ਨੂੰ ਹੜ੍ਹ ਰਾਹਤ ਵਾਸਤੇ ਕੋਈ ਮੁਆਵਜ਼ਾ ਕਿਉਂ ਨਹੀਂ ਦਿੱਤਾ ਗਿਆ। ਵਪਾਰ ਵਿੰਗ ਦੀ ਕੋਰ ਕਮੇਟੀ ਜਿਸਨੇ ਪ੍ਰਧਾਨ ਐਨ ਕੇ ਸ਼ਰਮਾ ਦੀ ਅਗਵਾਈ ਹੇਠ ਮੀਟਿੰਗ ਕੀਤੀ, ਨੇ ਆਪ ਸਰਕਾਰ 'ਤੇ ਵਪਾਰੀਆਂ ਤੇ ਉਦਯੋਗਪਤੀਆਂ ਤੋਂ ਫਿਰੌਤੀਆਂ ਵਸੂਲਣ ਅਤੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨ ਦਾ ਵੀ ਦੋਸ਼ ਲਾਇਆ। ਇਸ ਮੌਕੇ ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਐਨ ਕੇ ਸ਼ਰਮਾ ਨੇ ਦੱਸਿਆ ਕਿ ਪਿਛਲੇ ਸਾਲ ਆਏ ਭਿਆਨਕ ਹੜ੍ਹਾਂ ਮਗਰੋਂ ਰਾਜ ਸਰਕਾਰ ਨੇ ਵਪਾਰ ਤੇ ਉਦਯੋਗ ਨੂੰ ਚੜ੍ਹਦੀਕਲਾ ਫੰਡ ਵਾਸਤੇ ਪੈਸੇ ਦੇਣ ਲਈ ਮਜਬੂਰ ਕੀਤਾ। ਉਹਨਾਂ ਕਿਹਾ ਕਿ ਭਾਵੇਂ ਫੰਡ ਸਥਾਪਿਤ ਕੀਤੇ ਨੂੰ ਛੇ ਮਹੀਨੇ ਤੋਂ ਜ਼ਿਆਦਾ ਸਮਾਂ ਬੀਤ ਗਿਆ ਹੈ ਪਰ ਆਪ ਸਰਕਾਰ ਨੇ ਇਕੱਠੇ ਕੀਤੇ ਕੁੱਲ ਪੈਸੇ ਦੀ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ। ਉਹਨਾਂ ਕਿਹਾ ਕਿ ਨਾ ਸਿਰਫ ਇਹ ਵੇਰਵੇ ਜਨਤਕ ਕੀਤੇ ਜਾਣੇ ਚਾਹੀਦੇ ਹਨ ਸਗੋਂ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਨੂੰ ਇਹ ਦੱਸਣ ਕਿ ਹੜ੍ਹ ਪ੍ਰਭਾਵਤ ਕਿਸਾਨਾਂ ਵਾਸਤੇ ਕੋਈ ਪੈਸਾ ਇਸ ਫੰਡ ਤੋਂ ਕਿਉਂ ਜਾਰੀ ਨਹੀਂ ਕੀਤਾ ਗਿਆ।

ਉਹਨਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਵਪਾਰ ਤੇ ਉਦਯੋਗ ਤੋਂ ਕੀਤੀ ਜਾ ਰਹੀ ਫਿਰੌਤੀ ਵਸੂਲੀ ਦਾ ਗੰਭੀਰ ਨੋਟਿਸ ਲੈਂਦਿਆਂ ਸ਼ਰਮਾ ਨੇ ਕਿਹਾ ਕਿ ਆਬਕਾਰੀ ਤੇ ਕਰ ਵਿਭਾਗ ਦੇ ਅਫਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਹਰ ਮਹੀਨੇ 8



ਛਾਪੇ ਮਾਰਨ ਅਤੇ ਹਰ ਛਾਪੇ ਵਿਚ ਘੱਟ ਤੋਂ ਘੱਟ 8 ਲੱਖ ਰੁਪਏ ਦੇ ਜ਼ੁਰਮਾਨੇ ਕਰਨ। ਉਹਨਾਂ ਕਿਹਾ ਕਿ ਇਹ ਵਸੂਲੀ ਉਦੋਂ ਕੀਤੀ ਜਾ ਰਹੀ ਹੈ ਜਦੋਂ ਆਪ ਸਰਕਾਰ ਦੀ ਪੁਸ਼ਤ ਪਨਾਹੀ ਹੇਠ ਗੈਂਗਸਟਰ ਵੀ ਫਿਰੌਤੀਆਂ ਵਸੂਲ ਰਹੇ ਹਨ ਤੇ ਸਰਕਾਰ ਨੇ ਖੁਦ ਅਦਾਲਤ ਵਿਚ ਮੰਨਿਆ ਹੈ ਕਿ ਉਸ ਕੋਲ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਖਿਲਾਫ ਕੋਈ ਸਬੂਤ ਨਹੀਂ ਹੈ। ਉਹਨਾਂ ਕਿਹਾ ਕਿ ਇਹਨਾਂ ਹਾਲਾਤਾਂ ਕਾਰਨ ਹੀ ਪੰਜਾਬ ਤੋਂ ਪੂੰਜੀ ਬਾਹਰ ਜਾ ਰਹੀ ਹੈ। ਇਸ ਮੌਕੇ ਵਪਾਰ ਵਿੰਗ ਦੇ ਆਗੂਆਂ ਹਰਪਾਲ ਸਿੰਘ ਆਹਲੂਵਾਲੀਆ ਅਤੇ ਸੰਜੀਵ ਤਲਵਾੜ ਨੇ ਆਖਿਆ ਕਿ ਇਹਨਾਂ ਹਾਲਾਤਾਂ ਕਾਰਨ ਹੀ ਪੰਜਾਬ ਵਿਚੋਂ ਉਦਯੋਗ ਬਾਹਰ ਜਾ ਰਹੇ ਹਨ। ਉਹਨਾਂ ਨੇ ਪੰਜਾਬ ਵਿਚ ਬਿਜਲੀ ਦੀਆਂ ਮਹਿੰਗੀਆਂ ਕੀਮਤਾਂ ਦਾ ਵੀ ਨੋਟਿਸ ਲਿਆ ਤੇ ਦੱਸਿਆ ਕਿ ਹੁਣ ਉਦਯੋਗਿਕ ਖੇਤਰ ਲਈ ਬਿਜਲੀ ਦਰ 9 ਰੁਪਏ ਤੋਂ ਵੱਧ ਕੇ 10 ਰੁਪਏ ਪ੍ਰਤੀ ਯੂਨਿਟ ਹੋ ਗਈ ਹੈ। ਉਹਨਾਂ ਕਿਹਾ ਕਿ ਬੱਦੀ ਵਿਚ ਉਦਯੋਗਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਮਿਲ ਰਹੀ ਹੈ। ਉਹਨਾਂ ਕਿਹਾ ਕਿ ਅਜਿਹੇ ਵਿਚ ਉਦਯੋਗ ਪੰਜਾਬ ਵਿਚ ਕਿਉਂ ਰਹਿਣਗੇ। ਮੈਂਬਰਾਂ ਨੇ ਰਾਜ ਵਿਚ ਇੰਸਪੈਕਟਰੀ ਰਾਜ ਦੇ ਖ਼ਾਤਮੇ ਦੀ ਵੀ ਮੰਗ ਕੀਤੀ ਅਤੇ ਰਾਜ ਸਰਕਾਰ ਵੱਲੋਂ ਪਿਛਲੀ ਅਕਾਲੀ ਦਲ ਦੀ ਸਰਕਾਰ ਵੇਲੇ ਸ਼ੁਰੂ ਕੀਤੀ ਇਕ ਮੁਸ਼ਤ ਨਿਪਟਾਰਾ ਸਕੀਮ ਲਾਗੂ ਨਾ ਕਰਨ ਦੀ ਨਿਖੇਧੀ ਕੀਤੀ। ਮੀਟਿੰਗ ਨੇ ਆਪ ਸਰਕਾਰ ਅਤੇ ਇਸਦੇ ਮੰਤਰੀ ਅਮਨ ਅਰੋੜਾ ਵੱਲੋਂ ਸੂਬੇ ਵਿਚ ਗਊ ਹੱਤਿਆ ਲਈ ਮਤਾ ਲਿਆਉਣ ਦੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਇਹ ਵੀ ਬਹੁਤ ਨਿੰਦਣਯੋਗ ਗੱਲ ਹੈ ਕਿ ਕਾਂਗਰਸ ਪਾਰਟੀ ਇਸ ਮਾਮਲੇ 'ਤੇ ਚਰਚਾ ਲਈ ਰਾਜ਼ੀ ਹੋ ਗਈ ਹੈ।ਉਹਨਾਂ ਵਲੋਂ ਜ਼ੋਰ ਦੇ ਕੇ ਆਖਿਆ ਗਿਆ ਕਿ ਗਊ ਸੈਸ ਰਾਹੀਂ ਇਕੱਠਾ ਕੀਤਾ ਗਿਆ ਫੰਡ ਗਊਸ਼ਾਲਾਵਾਂ ਨੂੰ ਨਹੀਂ ਦਿੱਤਾ ਜਾ ਰਿਹਾ ਤੇ ਇਹ ਤੁਰੰਤ ਦਿੱਤਾ ਜਾਵੇ। ਐਨ ਕੇ ਸ਼ਰਮਾ ਨੇ ਇਹ ਵੀ ਦੱਸਿਆ ਕਿ ਵਪਾਰ ਵਿੰਗ ਪੰਜਾਬ ਦੇ ਰਾਜਪਾਲ ਕੋਲੋਂ ਮਿਲਣ ਲਈ ਸਮਾਂ ਮੰਗੇਗਾ ਤੇ ਰਾਜਪਾਲ ਨੂੰ ਪੰਜਾਬ ਵਿਚ ਵਪਾਰ ਤੇ ਉਦਯੋਗ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਜਾਵੇਗਾ। ਉਹਨਾਂ ਇਹ ਵੀ ਐਲਾਨ ਕੀਤਾ ਕਿ ਵਿੰਗ ਜਲਦੀ ਹੀ ਇਕ ਵਿਜ਼ਨ ਦਸਤਾਵੇਜ਼ ਜਾਰੀ ਕਰੇਗਾ ਅਤੇ ਜਥੇਬੰਦੀ ਨੂੰ ਹਲਕਾ, ਸਰਕਲ ਤੇ ਪਿੰਡ ਪੱਧਰ 'ਤੇ ਲਿਜਾਣ ਵਾਸਤੇ ਸਮਾਂ ਹੱਦ ਤੈਅ ਕੀਤੀ ਜਾਵੇਗੀ। ਇਸ ਮੌਕੇ ਮੀਟਿੰਗ ਵਿਚ ਹਰਪਾਲ ਸਿੰਘ ਆਹਲੂਵਾਲੀਆ, ਪ੍ਰੇਮ ਅਰੋੜਾ ਅਤੇ ਮੋਹਿਤ ਗੁਪਤਾ ਅਮਿਤ ਕਪੂਰ, ਆਰ ਡੀ ਸ਼ਰਮਾ, ਰਾਜਿੰਦਰ ਸਿੰਘ ਮਰਵਾਹ, ਰਣਜੀਤ ਸਿੰਘ ਖੁਰਾਣਾ, ਪਰਮਜੀਤ ਸਿੰਘ ਮੱਕੜ, ਹਰਜੀਤ ਸਿੰਘ, ਐਡਵੋਕੇਟ ਪਰਮਬੀਰ ਸਿੰਘ ਸੰਨੀ ਤੇ ਸੰਜੀਵ ਸ਼ੌਰੀ ਵੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**




# ਸਟੇਟ ਪੱਧਰੀ ਵੀਰ ਗਾਥਾ ਆਨਲਾਈਨ ਮੁਕਾਬਲੇ ਦੇ ਪੈਰਾਗ੍ਰਾਫ ਲਿਖਣ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਰਵਹਿੱਤਕਾਰੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ

### ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਵੱਲੋਂ ਜੇਤੂ ਵਿਦਿਆਰਥਣ ਅਤੇ ਸਮੁੱਚੀ ਵੀਰ ਗਾਥਾ ਟੀਮ ਨੂੰ ਸਨਮਾਨਿਤ ਕੀਤਾ ਗਿਆ

**ਮੁਕਤਸਰ (ਜਸਵਿੰਦਰ ਪਾਲ ਸ਼ਰਮਾ)** ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਸਟੇਟ ਪੱਧਰੀ ਵੀਰ ਗਾਥਾ ਮੁਕ-ਾਬਲੇ ਆਨਲਾਈਨ ਮੋਡ ਰਾਹੀਂ ਕਰਵਾਏ ਗਏ। ਇਹਨਾਂ ਆਨਲਾਈਨ ਮੁਕਾਬਲਿਆਂ ਵਿੱਚ ਸਾਰੇ ਹੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਵਿਦਿਆਰਥੀਆਂ ਨੇ ਵੀਰ ਗਾਥਾ ਨਾਲ ਜੁੜੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ। ਇਹਨਾਂ ਆਨਲਾਈਨ ਮੁਕਾਬਲਿਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਜਿਵੇਂ ਕਿ ਪੇਂਟਿੰਗ, ਪੈਰਾਗ੍ਰਾਫ ਲਿਖਣ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਉਪਰੋਕਤ ਆਨਲਾਈਨ ਮੁਕਾਬਲਿਆਂ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਜੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਰਾਜ ਕੁਮਾਰ ਜੀ ਅਤੇ ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਸ੍ਰੀ



ਪ੍ਰਵੀਨ ਸ਼ਰਮਾ ਦੀ ਯੋਗ ਰਹਿਨੁਮਾਈ ਹੇਠ ਸਰਵਹਿੱਤਕਾਰੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੁਕਤਸਰ ਦੀ ਵਿਦਿਆਰਥਣ ਮਹਿਕਰੀਤ ਕੌਰ ਨੇ ਪੈਰਾਗ੍ਰਾਫ ਲਿਖਣ ਮੁਕਾਬਲੇ ਵਿੱਚ ਭਾਗ ਲਿਆ ਅਤੇ ਪੂਰੇ ਸਟੇਟ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਨੇ ਜੇਤੂ ਵਿਦਿਆਰਥੀਆਂ, ਉਹਨਾਂ ਦੇ ਗਾਈਡ ਅਧਿਆਪਕਾਂ ਅਤੇ ਸਕੂਲ ਪ੍ਰਿੰਸੀਪਲ ਨੂੰ ਉਹਨਾਂ ਦੀ ਇਸ ਉਪਲਬਧੀ ਤੇ ਮੁਬਾਰਕਾਂ ਦਿੱਤੀਆਂ ਅਤੇ ਉਚੇਚੇ ਤੌਰ ਤੇ ਵਿਦਿਆਰਥਣ ਮਹਿਕਰੀਤ ਕੌਰ ਉਸ ਦੇ ਗਾਈਡ ਅਧਿਆਪਕ ਅਤੇ ਜ਼ਿਲ੍ਹਾ ਪੱਧਰੀ ਵੀਰ ਗਾਥਾ ਆਨਲਾਈਨ ਮੁਕਾਬਲੇ ਟੀਮ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਮੌਕੇ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ, ਡੀਆਰਸੀ ਸ. ਗੁਰਮੇਲ ਸਿੰਘ ਸਾਗੂ, ਜ਼ਿਲ੍ਹਾ ਨੋਡਲ ਅਫ਼ਸਰ ਵੀਰ ਗਾਥਾ ਸ੍ਰੀ ਰਾਜ ਕੁਮਾਰ, ਸਹਾਇਕ ਨੋਡਲ ਅਫ਼ਸਰ ਵੀਰ ਗਾਥਾ ਮੁਕਾਬਲੇ ਪ੍ਰਵੀਨ ਕੁਮਾਰ ਸ਼ਰਮਾ, ਸਕੂਲ ਪ੍ਰਿੰਸੀਪਲ ਸ੍ਰੀ ਪੂਰਨ ਚੰਦ ਅਤੇ ਸਕੂਲ ਦੇ ਕਮੇਟੀ ਮੈਂਬਰ ਸ੍ਰੀ ਨਰੋਤਮ ਦਾਸ ਵੀ ਹਾਜ਼ਰ ਸਨ।

# ਮੁੱਖ ਮੰਤਰੀ ਮਾਨ ਨੇ ਡਾ. ਰਮਨ ਘਈ ਨੂੰ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਵਿੱਚ ਉਨ੍ਹਾਂ ਦੇ ਸ਼ਲਾਘਾਯੋਗ ਯੋਗਦਾਨ ਲਈ ਕੀਤਾ ਸਨਮਾਨਿਤ

### ਐਚਡੀਸੀਏ ਅਤੇ ਯੂਥ ਸਿਟੀਜ਼ਨਜ਼ ਕੌਂਸਲ ਡਾ. ਘਈ ਦੀ ਮਾਨਤਾ 'ਤੇ ਖੁਸ਼ ਹਨ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ, ਹੁਸ਼ਿਆਰਪੁਰ ਦੇ ਸਕੱਤਰ ਅਤੇ ਯੂਥ ਸਿਟੀਜ਼ਨਜ਼ ਕੌਂਸਲ, ਪੰਜਾਬ ਦੇ ਪ੍ਰਧਾਨ ਡਾ. ਰਮਨ ਘਈ ਨੂੰ ਗਣਤੰਤਰ ਦਿਵਸ ਮੌਕੇ ਹੁਸ਼ਿਆਰਪੁਰ ਵਿੱਚ ਆਯੋਜਿਤ ਇੱਕ ਰਾਜ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਤਹਿਤ ਨੌਜਵਾਨ ਖਿਡਾਰੀਆਂ, ਕਾਰਪੋਰੇਟ ਸੈਕਟਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਖਾਤਮੇ ਵਿੱਚ ਉਨ੍ਹਾਂ ਦੇ ਅਨਮੋਲ ਅਤੇ ਬੇਮਿਸਾਲ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ, ਯੂਥ ਸਿਟੀਜ਼ਨਜ਼ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ



ਡਾ. ਰਮਨ ਘਈ ਦੀ ਅਗਵਾਈ ਹੇਠ ਯੂਥ ਸਿਟੀਜ਼ਨਜ਼ ਕੌਂਸਲ, ਹੁਸ਼ਿਆਰਪੁਰ ਅਤੇ ਪੰਜਾਬ ਦੇ ਹੋਰ ਜ਼ਿਲ੍ਹਿਆਂ ਵਿੱਚ ਨੌਜਵਾਨਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਯੋਗਦਾਨ ਪਾ ਰਹੀ ਹੈ। ਡਾ. ਸ਼ਰਮਾ ਨੇ ਕਿਹਾ ਕਿ ਇਸ ਤੋਂ ਇਲਾਵਾ, ਡਾ. ਰਮਨ ਘਈ, ਐਚਡੀਸੀਏ ਸਕੱਤਰ ਦੇ ਤੌਰ 'ਤੇ, ਖਿਡਾਰੀਆਂ ਵਿੱਚ ਨਸ਼ੇ ਵਿਰੁੱਧ ਲਹਿਰ ਦੀ ਭਾਵਨਾ ਪੈਦਾ ਕਰ ਰਹੇ ਹਨ। ਸਮਾਜ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇਸ ਨਾਲ ਹੋਣ ਵਾਲੇ ਸਮਾਜਿਕ, ਸਰੀਰਕ ਅਤੇ ਰਾਸ਼ਟਰੀ ਨੁਕਸਾਨ ਤੋਂ ਜਾਣੂ ਹੋ ਕੇ, ਸਾਰੇ ਖਿਡਾਰੀ ਅਤੇ ਕੌਂਸਲ ਵਰਕਰ ਨਸ਼ਿਆਂ ਵਿਰੁੱਧ ਇਸ ਜੰਗ ਨੂੰ ਲੋਕ ਕ੍ਰਾਂਤੀ ਵਜੋਂ ਲੈ ਰਹੇ ਹਨ ਅਤੇ ਲੋਕਾਂ ਨੂੰ ਇਸ ਵਿਰੁੱਧ ਮੁਹਿੰਮ ਨਾਲ ਪ੍ਰੇਰਿਤ ਕਰ ਰਹੇ ਹਨ।

ਡਾ. ਪੰਕਜ ਸ਼ਰਮਾ ਨੇ ਐਚਡੀਸੀਏ ਸਕੱਤਰ ਅਤੇ ਕੌਂਸਲ ਦੇ ਸੂਬਾ ਪ੍ਰਧਾਨ ਡਾ. ਰਮਨ ਘਈ ਦਾ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਵਜੋਂ ਸਨਮਾਨਿਤ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਵਿੱਖ ਵਿੱਚ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਨੂੰ ਹੋਰ ਵੀ ਸੁਚਾਰੂ ਢੰਗ ਨਾਲ ਚਲਾਇਆ ਜਾਵੇਗਾ।

ਫੋਟੋ ਅਜਮੇਰ ਦੀਵਾਨਾ

# ਭੱਠਾ ਮਜ਼ਦੂਰਾਂ ਦੀਆਂ ਮੰਗਾਂ ਨਹੀਂ ਮੰਨੀਆਂ ਤਾਂ ਕੀਤੀ ਜਾਵੇਗੀ ਸੰਪੂਰਨ ਹੜਤਾਲ:- ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ

### ●ਡੀਸੀ ਮਾਨਸਾ ਨੂੰ ਦਿੱਤਾ ਮੰਗ ਪੱਤਰ, 15 ਦਿਨਾਂ ਵਿੱਚ ਮੀਟਿੰਗ ਸੱਦੀ ਜਾਵੇ :- ਆਗੂ ●ਭੱਠਾ ਮਜ਼ਦੂਰ ਵੱਲੋਂ ਵੱਡੀ ਗਿਣਤੀ ਵਿੱਚ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣ ਦਾ ਐਲਾਨ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਅੱਜ 'ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਪੰਜਾਬ (ਏਕਟੂ)' ਵੱਲੋਂ ਜ਼ਿਲ੍ਹਾ ਮਾਨਸਾ ਦੇ ਭੱਠਾ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸੈਂਕੜੇ ਮਜ਼ਦੂਰਾਂ ਨੇ ਰੈਲੀ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਤੇ ਭੱਠਾ ਮਾਲਕਾਂ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ਼ ਰੋਸ ਪ੍ਰਗਟਾਇਆ।

ਯੂਨੀਅਨ ਦੇ ਆਗੂਆਂ ਨੇ ਮੰਗ ਕੀਤੀ ਕਿ 15 ਦਿਨਾਂ ਦੇ ਅੰਦਰ-ਅੰਦਰ ਪ੍ਰਸ਼ਾਸਨ, ਭੱਠਾ ਮਾਲਕਾਂ ਅਤੇ ਯੂਨੀਅਨ ਦੀ ਇੱਕ ਸਾਂਝੀ ਪੈਨਲ ਮੀਟਿੰਗ ਬੁਲਾਈ ਜਾਵੇ। ਉਹਨਾਂ ਸਪੱਸ਼ਟ ਚੇਤਾਵਨੀ ਦਿੱਤੀ ਕਿ ਜੇਕਰ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ 'ਤੇ ਤੁਰੰਤ ਕਾਰਵਾਈ ਨਾ ਹੋਈ, ਤਾਂ ਪੂਰੇ ਜ਼ਿਲ੍ਹੇ ਦੇ ਭੱਠਿਆਂ 'ਤੇ ਸੰਪੂਰਨ ਹੜਤਾਲ ਕੀਤੀ ਜਾਵੇਗੀ ਅਤੇ ਡੀ.ਸੀ. ਦਫ਼ਤਰ ਅੱਗੇ ਪੱਕਾ ਮੋਰਚਾ ਲਗਾਇਆ ਜਾਵੇਗਾ। ਯੂਨੀਅਨ ਆਗੂਆਂ ਨੇ ਕਿਹਾ ਕਿ ਭੱਠਾ ਮਜ਼ਦੂਰਾਂ ਨੂੰ ਮਹਿੰਗਾਈ ਭੱਤੇ ਅਨੁਸਾਰ ਮਜ਼ਦੂਰੀ ਵਿੱਚ 50% ਵਾਧਾ ਕੀਤਾ ਜਾਵੇ। ਚਾਰ ਮਜ਼ਦੂਰ





ਵਿਰੋਧੀ ਲੇਬਰ ਕੋਡ ਰੱਦ ਕੀਤੇ ਜਾਣ।ਹਰੇਕ ਭੱਠੇ 'ਤੇ ਰਿਹਾਇਸ਼, ਸਾਫ਼ ਪੀਣ ਵਾਲਾ ਪਾਣੀ ਅਤੇ ਸਿਹਤ ਸਹੂਲਤਾਂ ਯਕੀਨੀ ਬਣਾਈਆਂ ਜਾਣ। ਮਜ਼ਦੂਰਾਂ ਨੂੰ ਈ.ਐਸ.ਆਈ (ਓਸ਼ੀ) ਅਤੇ ਈ.ਪੀ.ਐਫ (ਓਫਢ) ਦੀ ਸਹੂਲਤ ਦਿੱਤੀ ਜਾਵੇ। ਭੱਠਾ ਮਾਲਕਾਂ ਵੱਲੋਂ ਮਜ਼ਦੂਰਾਂ ਦੇ ਕੀਤੇ ਜਾ ਰਹੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ 'ਤੇ ਤੁਰੰਤ ਰੋਕ ਲਗਾਈ ਜਾਵੇ। ਰੈਲੀ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਜੀਤ ਸਿੰਘ ਬੋਹਾ, ਜ਼ਿਲ੍ਹਾ ਸਕੱਤਰ ਵਿਜੈ ਕੁਮਾਰ ਭੀਖੀ ਅਤੇ ਕਾਰਜਕਾਰੀ ਮੈਂਬਰ ਗੁਰਮੀਤ ਸਿੰਘ ਨੰਦਗੜ੍ਹ ਨੇ ਕਿਹਾ ਕਿ ਮਜ਼ਦੂਰਾਂ ਨੂੰ ਅਣਮਨੁੱਖੀ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜ਼ਿਲ੍ਹੇ ਦੇ ਸਮੂਹ ਭੱਠਾ ਮਜ਼ਦੂਰ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨਗੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੀ.ਪੀ.ਆਈ (ਐਮ.ਐਲ) ਲਿਬਰੇਸ਼ਨ ਦੇ ਕੇਂਦਰੀ ਆਗੂ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਅਤੇ ਮਜ਼ਦੂਰ ਆਗੂ ਦਰਸ਼ਨ ਸਿੰਘ ਦਾਨੇਵਾਲ ਨੇ ਵੀ ਮਜ਼ਦੂਰਾਂ ਦੇ ਸੰਘਰਸ਼ ਨੂੰ ਸਮਰਥਨ ਦਿੰਦਿਆਂ ਕਿਹਾ ਕਿ ਹੱਕਾਂ ਦੀ ਪ੍ਰਾਪਤੀ ਲਈ ਇੱਕਜੁੱਟਤਾ ਹੀ ਇੱਕੋ-ਇੱਕ ਰਸਤਾ ਹੈ।

# ਗ੍ਰਾਮ ਪੰਚਾਇਤ ਵੱਲੋਂ ਕਾਮਰੇਡ ਪ੍ਰੇਮ ਸਿੰਘ ਘੜਾਮਾਂ ਦਾ ਵਿਸ਼ੇਸ਼ ਸਨਮਾਨ

**ਘਨੌਰ, (ਰੋਮੀ ਘੜਾਮਾਂ):** ਹਲਕਾ ਘਨੌਰ ਅਧੀਨ ਪੈਂਦੇ ਪਿੰਡ ਘੜਾਮਾਂ ਕਲਾਂ/ਖੁਰਦ ਦੇ ਸਰਕਾਰੀ ਮਿਡਲ ਸਕੂਲ ਦੇ ਸਮੁੱਚੇ ਸਟਾਫ਼ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਜਿੱਥੇ ਲੰਗਰ ਦੀ ਸੇਵਾ ਦਵਿੰਦਰ ਸਿੰਘ ਯੂ.ਕੇ. ਪੁੱਤਰ ਸਵ: ਸੋਹਣ ਸਿੰਘ/ਰਜਵੰਤ ਕੌਰ ਵੱਲੋਂ ਕਰਵਾਈ ਗਈ। ਇਸ ਦੌਰਾਨ ਗ੍ਰਾਮ ਪੰਚਾਇਤ, ਘੜਾਮਾਂ ਖੁਰਦ ਵੱਲੋਂ ਉੱਘੇ ਟ੍ਰਾਂਸਪੋਰਟਰ ਅਤੇ ਸਮਾਜ-ਸੇਵੀ ਪ੍ਰੇਮ ਸਿੰਘ ਘੜਾਮਾਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਕੂਲ ਮੁਖੀ ਕਿਰਨ ਬਾਲਾ ਅਤੇ ਮਾਸਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਕਾਮਰੇਡ ਸਾਹਬ ਲੰਮੇ ਸਮੇਂ ਤੋਂ ਸਕੂਲ ਦੀਆਂ ਮੁਢਲੀਆਂ ਲੋੜਾਂ ਦਾ ਖ਼ਾਸ ਧਿਆਨ ਰੱਖਦੇ ਹਨ। ਕਿਸੇ ਵੀ ਸਮੱਸਿਆ ਦੇ ਆਰਥਿਕ ਹੱਲ ਲਈ ਉਨ੍ਹਾਂ ਦਾ ਹਮੇਸ਼ਾ ਹੀ ਹਾਂ-ਪੱਖੀ ਹੁੰਗਾਰਾ ਰਹਿੰਦਾ ਹੈ। ਜਿਸ ਲਈ ਗ੍ਰਾਮ ਪੰਚਾਇਤ, ਮੋਹਤਬਰ ਸੱਜਣਾਂ ਅਤੇ ਸਕੂਲ ਸਟਾਫ਼ ਵੱਲੋਂ ਉਨ੍ਹਾਂ ਦਾ ਇਹ ਆਦਰ ਸਤਿਕਾਰ



ਕੀਤਾ ਗਿਆ। ਇਸ ਮੌਕੇ ਜੋਧਵੀਰ ਸਿੰਘ ਪਤੀ ਗੁਰਪ੍ਰੀਤ ਕੌਰ ਸਰਪੰਚ, ਸੁਰਿੰਦਰ ਕੁਮਾਰ ਪੁੱਤਰ ਸੁਨੀਤਾ ਰਾਣੀ ਸਰਪੰਚ, ਮਾਸਟਰ ਦਲੀਪ ਕੁਮਾਰ, ਅਮਨਦੀਪ ਕੌਰ ਐੱਸ.ਐੱਮ.ਸੀ. ਮੈਂਬਰ, ਰਣਜੀਤ ਸਿੰਘ ਸਾਬਕਾ ਸਰਪੰਚ, ਅੰਗਰੇਜ਼ ਸਿੰਘ ਗੱਜੂ, ਵਰਿਆਮ ਸਿੰਘ, ਨਿਸ਼ਾਨ ਸਿੰਘ ਜਿਲ੍ਹਾ ਪ੍ਰਧਾਨ ਆਪ ਪਟਿਆਲਾ, ਗੁਰਮੀਤ ਸਿੰਘ, ਅਵਤਾਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸ਼ਰਨਾਰਥੀ ਸਮਝੌਤਾ ਰੱਦ ਹੋਣ ਮਗਰੋਂ ਨਵਾਂ ਵਿਵਾਦ, ਰਵਾਂਡਾ ਵੱਲੋਂ ਬਰਤਾਨੀਆ ਤੋਂ ਸੌ ਮਿਲੀਅਨ ਪੌਂਡ ਦੀ ਮੰਗ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਸ਼ਰਨਾਰਥੀਆਂ ਨੂੰ ਰਵਾਂਡਾ ਭੇਜਣ ਸਬੰਧੀ ਵਿਵਾਦਿਤ ਸਮਝੌਤਾ ਰੱਦ ਹੋਣ ਤੋਂ ਬਾਅਦ ਹੁਣ ਰਵਾਂਡਾ ਸਰਕਾਰ ਨੇ ਬਰਤਾਨੀਆ ਤੋਂ ਵੱਡੀ ਰਕਮ ਦੀ ਮੰਗ ਕਰਕੇ ਨਵਾਂ ਸਿਆਸੀ ਵਿਵਾਦ ਖੜਾ ਕਰ ਦਿੱਤਾ ਹੈ। ਰਵਾਂਡਾ ਵੱਲੋਂ ਕਿਹਾ ਗਿਆ ਹੈ ਕਿ ਸਮਝੌਤਾ ਖ਼ਤਮ ਹੋਣ ਕਾਰਨ ਉਸਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਵਜੋਂ ਸੌ ਮਿਲੀਅਨ ਪੌਂਡ ਦਿੱਤੇ ਜਾਣ। ਰਵਾਂਡਾ ਸਰਕਾਰ ਦਾ ਦਾਅਵਾ ਹੈ ਕਿ ਬਰਤਾਨੀਆ ਨਾਲ ਹੋਏ ਸਮਝੌਤੇ ਤਹਿਤ ਸ਼ਰਨਾਰਥੀਆਂ ਦੀ ਦੇਖਭਾਲ, ਰਹਾਇਸ਼ ਅਤੇ ਬੁਨਿਆਦੀ ਢਾਂਚੇ ਲਈ ਪਹਿਲਾਂ ਹੀ ਤਿਆਰੀਆਂ ਕੀਤੀਆਂ ਗਈਆਂ ਸਨ। ਇਸ ਉਦੇਸ਼ ਲਈ ਵੱਡੇ ਪੱਧਰ 'ਤੇ ਖ਼ਰਚਾ ਕੀਤਾ ਗਿਆ, ਪਰ ਬਰਤਾਨੀਆ ਵੱਲੋਂ ਨੀਤੀ ਬਦਲੇ ਜਾਣ ਕਾਰਨ ਇਹ ਯੋਜਨਾ ਅਚਾਨਕ ਰੱਦ ਹੋ ਗਈ। ਬਰਤਾਨੀਆ ਵਿੱਚ ਨਵੀਂ ਸਰਕਾਰ ਬਣਨ ਤੋਂ ਬਾਅਦ ਇਸ ਸਮਝੌਤੇ ਨੂੰ ਅਨਿਆਇਕ ਅਤੇ ਅਮਲਯੋਗ ਨਾ ਹੋਣ ਵਾਲਾ ਕਰਾਰ ਦਿੰਦਿਆਂ ਖ਼ਤਮ ਕਰ ਦਿੱਤਾ ਗਿਆ ਸੀ। ਸਰਕਾਰ ਦਾ ਕਹਿਣਾ ਹੈ ਕਿ ਸ਼ਰਨਾਰਥੀ ਮਸਲੇ ਦਾ ਹੱਲ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਅਧੀਨ ਹੀ ਲੱਭਿਆ ਜਾਣਾ ਚਾਹੀਦਾ ਹੈ। ਦੂਜੇ ਪਾਸੇ ਰਵਾਂਡਾ ਦਾ ਕਹਿਣਾ ਹੈ ਕਿ ਬਰਤਾਨੀਆ ਨੇ ਇੱਕਤਰਫ਼ਾ ਤੌਰ 'ਤੇ ਸਮਝੌਤਾ ਤੋੜ ਕੇ ਉਸਦੇ ਨਾਲ ਨਾ ਇਨਸਾਫ਼ ਕੀਤਾ ਹੈ। ਰਵਾਂਡਾ ਦੇ ਅਧਿਕਾਰੀਆਂ ਅਨੁਸਾਰ ਇਹ ਰਕਮ ਸਿਰਫ਼ ਮੁਆਵਜ਼ਾ ਨਹੀਂ, ਸਗੋਂ ਪਹਿਲਾਂ ਕੀਤੇ ਗਏ ਖ਼ਰਚਿਆਂ ਦੀ ਭਰਪਾਈ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਤਣਾਅ ਪੈਦਾ ਕਰ ਸਕਦਾ ਹੈ। ਇਸ ਨਾਲ ਨਾਲ ਬਰਤਾਨੀਆ ਦੀ ਸ਼ਰਨਾਰਥੀ ਨੀਤੀ 'ਤੇ ਵੀ ਵਿਰੋਧੀ ਧਿਰ ਵੱਲੋਂ ਸਵਾਲ ਉਠਾਏ ਜਾ ਰਹੇ ਹਨ, ਜੋ ਸਰਕਾਰ ਤੋਂ ਇਸ ਮਾਮਲੇ 'ਚ ਸਪਸ਼ਟ ਜਵਾਬ ਦੀ ਮੰਗ ਕਰ ਰਹੀ ਹੈ।

ਫਿਲਹਾਲ ਬਰਤਾਨੀਆ ਸਰਕਾਰ ਵੱਲੋਂ ਰਵਾਂਡਾ ਦੀ ਮੰਗ 'ਤੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ, ਪਰ ਸੂਤਰਾਂ ਅਨੁਸਾਰ ਇਸ ਮਾਮਲੇ 'ਤੇ ਕਾਨੂੰਨੀ ਅਤੇ ਕੂਟਨੀਤਕ ਪੱਧਰ 'ਤੇ ਵਿਚਾਰ ਜਾਰੀ ਹੈ।

# ਰੋਟਰੀ ਕਲੱਬ ਗੋਰਾਇਆ ਮਿਡ ਟਾਊਨ ਨੇ ਮਨਸੂਰਪੁਰ ਦੇ ਸਰਕਾਰੀ ਸਕੂਲ ਵਿਖੇ ਮਨਾਇਆ 77ਵਾਂ ਗਣਤੰਤਰ ਦਿਵਸ

**ਫਿਲੌਰ/ਅੱਪਰਾ, (ਦੀਪਾ)–** ਰੋਟਰੀ ਕਲੱਬ ਗੋਰਾਇਆ ਮਿਡ ਟਾਊਨ ਵਲੋਂ ਪਿੰਡ ਮਨਸੂਰਪੁਰ ਦੇ ਸਰਕਾਰੀ ਸੂਲ ਵਿਖੇ ਦੇਸ਼ ਦਾ 77ਵਾਂ ਗਣਤੰਤਰ ਦਿਵਸ ਮਨਾਇਆ ਗਿਆ ਤੇ ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਵਲੋਂ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਬਾਰੇ ਅਹਿਮ ਜਾਣਕਾਰੀ ਦਿੱਤੀ ਗਈ । ਰੋਟਰੀ ਕਲੱਬ ਦੇ ਪ੍ਰਧਾਨ ਰੋਟੇਰੀਅਨ ਹਰਜਿੰਦਰ ਸਿੰਘ ਸੈਂਹਬੀ ਵਲੋਂ ਤਿਰੰਗਾ ਝੰਡਾ ਫਰਹਾਇਆ ਗਿਆ । ਕਲੱਬ ਵਲੋਂ ਸਕੂਲ ਨੂੰ ਟਾਟ ਵੀ ਦਿੱਤੇ ਗਏ ਤੇ ਇਸ ਮੌਕੇ ਸੈਕਟਰੀ ਰੋਟੇਰੀਅਨ ਕਮਲ ਕੁਮਾਰ,ਪ੍ਰਾਜੈਕਟ ਚੇਅਰਮੈਨ ਦਿਨੇਸ਼ ਕੁਮਾਰ ਸ਼ਰਮਾ, ਮੈਂਬਰ ਨਿਤਿਸ਼, ਜਤਿੰਦਰ ਠਾਕੁਰ, ਕੁਲਵੰਤ ਸਿੰਘ, ਜਸਵਿੰਦਰ ਸੈਂਹਬੀ, ਵੀ ਹਾਜ਼ਰ ਸਨ ।



# ਸੋਨੇ ਦੇ ਵਪਾਰੀ ਹਰਕੇਸ਼ ਭਾਰਦਵਾਜ (ਸੋਢੀ ਸਰਾਫ ) ਨੂੰ ਸਦਮਾ, ਭਰਜਾਈ ਦਾ ਦੇਹਾਂਤ

**ਫਿਲੌਰ/ਅੱਪਰਾ (ਦੀਪਾ)–** ਅੱਪਰਾ ਦੇ ਉੱਘੇ ਸੋਨਾ ਕਾਰੋਬਾਰੀ ਹਰਕੇਸ਼ ਭਾਰਦਵਾਜ (ਸੋਢੀ ਸਰਾਫ) ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨਾਂ ਦੇ ਭਰਜਾਈ ਸ੍ਰੀਮਤੀ ਪ੍ਰਵੀਨ ਕੁਮਾਰੀ ਪਤਨੀ ਸ੍ਰੀ ਬਲਦੇਵ ਕ੍ਰਿਸ਼ਨ ਭਾਰਦਵਾਜ ਵਾਸੀ ਦਿਲਬਾਗ ਕਾਲੋਨੀ ਗੋਰਾਇਆ ਪੂਰੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ । ਉਨਾਂ ਦੀ ਮੌਤ 'ਤੇ ਇਲਾਕੇ ਭਰ ਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਸੰਸਥਾਵਾਂ, ਸਵਰਨਕਾਰ ਸੰਘ ਅੱਪਰਾ ਦੇ ਸਮੂਹ ਅਹੁਦੇਦਾਰਾਂ, ਪ੍ਰੈੱਸ ਕਲੱਬ ਅੱਪਰਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਤੇ ਇਲਾਕੇ ਭਰ ਦੇ ਪੰਚਾਂ-ਸਰਪੰਚਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਉਨਾਂ ਦਾ ਅੰਤਿਮ ਸੰਸਕਾਰ ਮਿਤੀ 30 ਜਨਵਰੀ ਦਿਨ ਸ਼ੁੱਕਰਵਾਰ ਨੂੰ ਦੁਪਿਹਰ 1 ਵਜੇ ਗੋਰਾਇਆ ਦੇ ਸ਼ਮਸ਼ਾਨਘਾਟ ਵਿਖੇ ਹੋਵੇਗਾ। ਸ੍ਰੀਮਤੀ ਪ੍ਰਵੀਨ ਕੁਮਾਰੀ ਨਮਿਤ ਅੰਤਿਮ ਅਰਦਾਸ ਤੇ ਕਿਰਿਆ ਮਿਤੀ 1 ਫਰਵਰੀ ਨੂੰ ਦੁਪਿਹਰ 1 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਗੀਤਾ ਭਵਨ ਦਾਣਾ ਮੰਡੀ ਗੋਰਾਇਆ ਵਿਖੇ ਹੋਵੇਗੀ।



# ਡਾ. ਬੇਦੀ ਦੀ ਪੁਸਤਕ 'ਨਾਵਲ, ਮੇਰੀ ਨਜ਼ਰ ਵਿਚ' ਤੇ ਗੋਸ਼ਟੀ ਹੋਈ

**ਬਰਨਾਲਾ (ਚੰਡਿਹੋਕ)** ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਸਥਾਨਕ ਸਰਕਾਰੀ ਸੈਕੰਡਰੀ ਸਕੂਲ ਆਫ ਐਮੀਨੈਂਸ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ਜੋ ਸਭਾ ਦੇ ਫਾਊਂਡਰ ਮੈਂਬਰਾਂ ਵਿੱਚੋਂ ਰਹੇ ਪ੍ਰਧਾਨ ਸਵ.ਡਾ. ਐਸ. ਐਸ. ਪਦਮ ਨੂੰ ਸਮਰਪਿਤ ਕੀਤਾ ਗਿਆ। ਜਿਸ ਬਾਰੇ ਜਾਣਕਾਰੀ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਦਿੱਤੀ ਅਤੇ ਡਾ.ਪਦਮ ਦੇ ਸਪੁੱਤਰ ਡਾ.ਜਸਵੀਰ ਸਿੰਘ ਪਦਮ ਨੇ ਆਪਣੇ ਵਿਚਾਰ ਪੇਸ਼ ਕੀਤੇ।

ਡਾ. ਸਤਨਾਮ ਸਿੰਘ ਜੱਸਲ ਸਾਬਕਾ ਡੀਨ ਰਿਸਰਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਪੰਜਾਬੀ ਪਾਠਕ ਚਰਨ ਸਿੰਘ ਭੋਲਾ ਜਾਗਲ ਨੇ ਪ੍ਰਧਾਨਗੀ ਕੀਤੀ।

ਡਾ.ਭੁਪਿੰਦਰ ਸਿੰਘ ਬੇਦੀ ਦੀ ਪੁਸਤਕ 'ਨਾਵਲ, ਮੇਰੀ ਨਜ਼ਰ ਵਿਚ' ਤੇ ਪੇਪਰ ਪੜ੍ਹਦਿਆਂ ਡਾ.ਰਾਮਪਾਲ ਸ਼ਾਹਪੁਰੀ ਨੇ ਨਾਰਥਰਪ ਫਰਾਈ ਦੇ ਹਵਾਲੇ ਨਾਲ ਕਿਹਾ ਕਿ ਉਹ ਅਕਾਦਮਿਕ ਆਲੋਚਨਾ ਨੂੰ ਪ੍ਰਮਾਣਿਕ ਆਲੋਚਨਾ ਮੰਨਦਿਆਂ ਡਾ.ਬੇਦੀ ਦੀ ਪੁਸਤਕ ਨੂੰ ਖੋਜਾਰਥੀਆਂ ਲਈ ਲਾਹੇਵੰਦ ਦੱਸਿਆ।ਪੰਦਰਾਂ ਨਾਵਲਾਂ ਦੇ ਹਰੇਕ ਪਰਚੇ ਉਪਰ ਟਿੱਪਣੀ ਵੀ ਦਿੱਤੀ। ਬਹਿਸ ਦਾ ਆਗਾਜ਼ ਡਾ.ਹਰੀਸ਼ ਨੇ ਕਰਦਿਆਂ ਕਿਹਾ ਕਿ ਪੁਸਤਕ ਵਿਚਲੇ ਪੇਪਰਾਂ ਨੂੰ ਪੜ੍ਹ ਕੇ ਨਾਵਲ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ।ਇਸ ਤਰਾਂ ਦੇ ਵਿਚਾਰ ਡਾ ਤੇਜਾ ਸਿੰਘ ਤਿਲਕ ਦੇ ਸਨ।ਬਹਿਸ ਨੂੰ ਅੱਗੇ ਵਧਾਉਂਦਿਆਂ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ ਡਾ.ਬੇਦੀ ਦੇ ਸਿਰੜੀ ਸੁਭਾਅ ਦੀ ਸ਼ਲਾਘਾ ਕੀਤੀ ਕਿ ਬਰਨਾਲੇ ਵਿਚ ਡਾ ਰਾਮ ਪਾਲ ਅਤੇ ਬੇਦੀ ਪਰਚਾ ਲਿਖਣ ਲਈ ਜਵਾਬ ਨਹੀਂ ਦਿੰਦੇ। ਡਾ.ਸੰਪੂਰਨ ਸਿੰਘ ਟੱਲਵਾਲੀਆ, ਪ੍ਰਿੰ. ਹਰੀਸ਼ ਬਾਂਸਲ, ਲੇਖਕ ਪਾਠਕ ਸਾਹਿਤ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ, ਪ੍ਰੋ. ਹਰਪ੍ਰੀਤ ਕੌਰ, ਦਰਸ਼ਨ ਸਿੰਘ ਗੁਰੂ, ਪ੍ਰੋ ਸਵਰਨਜੀਤ ਕੌਰ ਅਤੇ ਪ੍ਰਿੰ.ਕਸ਼ਮੀਰ ਸਿੰਘ ਨੇ ਹਿੱਸਾ ਲਿਆ। ਬਾਅਦ ਵਿੱਚ ਡਾਕਟਰ ਬੇਦੀ ਨੇ ਵੀ ਆਪਣਾ ਪੱਖ ਪੇਸ਼ ਕੀਤਾ।ਸਮੁੱਚੀ ਬਹਿਸ ਨੂੰ ਸਮੇਟਦਿਆਂ ਡਾ.ਸਤਨਾਮ ਸਿੰਘ ਜੱਸਲ ਨੇ ਪੇਪਰ ਅਤੇ ਪੁਸਤਕ ਦੇ ਸਮੁੱਚੇ ਪ੍ਰਭਾਵ ਬਾਰੇ ਦੱਸਿਆ ਕਿ ਡਾ.ਬੇਦੀ ਨੇ ਨਾਵਲਾਂ ਦੇ ਗਹਿਨ ਅਧਿਐਨ ਕਰਨ ਤੋਂ ਬਾਦ ਜੋ ਜੋ ਧਾਰਨਾਵਾਂ ਦਿੱਤੀਆਂ ਹਨ ਉਹ ਸਾਰਥਿਕ ਹਨ।ਇਸ ਵਿਚ ਆਲੋਚਨਾ ਦੇ ਅੰਸ਼ ਵੀ ਮੌਜੂਦ ਹਨ।ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਵਨ ਪਰਿੰਦਾ ਨੇ ਬਾਖੂਬੀ ਨਾਲ ਕੀਤਾ।





ਸਮਾਗਮ ਦੌਰਾਨ ਜਸਵੀਰ ਕੌਰ ਬੇਦੀ, ਪਾਲ ਸਿੰਘ ਲਹਿਰੀ, ਰਾਮ ਸਰੂਪ ਸ਼ਰਮਾ, ਸਾਗਰ ਸਿੰਘ ਸਾਗਰ, ਜੰਗੀਰ ਸਿੰਘ ਦਿਲਬਰ,ਇਕਬਾਲ ਕੌਰ ਉਦਾਸੀ, ਰਾਮ ਸਿੰਘ ਬੀਹਲਾ,ਜਗਜੀਤ ਸਿੰਘ ਗੁਰਮ ਨੇ ਡਾ.ਬੇਦੀ ਦਾ ਕਾਵਿ ਚਿਤਰ ਪੇਸ਼ ਕੀਤਾ। ਮਨਦੀਪ ਕੌਰ ਭਦੌੜ ਅਤੇ ਗੁਰਪਾਲ ਸਿੰਘ ਬਿਲਾਵਲ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬਠਿੰਡਾਂ ਤੋਂ ਬੀਰਾਂ ਪੁਰਬਾ,ਅੰਜਨਾ ਮੈਨਨ, ਹਾਕਮ ਸਿੰਘ ਰੂੜੇਕੇ,ਮਹਿੰਦਰ ਸਿੰਘ ਰਾਹੀ,ਐਸ.ਐਸ.ਗਿੱਲ, ਸਰਵਣ ਸਿੰਘ, ਮੇਜਰ ਸਿੰਘ ਗਿੱਲ, ਅੰਜਨਾ ਮੈਨਨ, ਪ੍ਰਿੰ ਕਸ਼ਮੀਰ ਸਿੰਘ, ਗੁਰਚਰਨ ਸਿੰਘ ਗਿੱਲ, ਰਘਬੀਰ ਸਿੰਘ ਗਿੱਲ ਕੱਟੂ,ਲੈਕ. ਹਰਦੀਪ ਸਿੰਘ ਅਤੇ ਚਰਨ ਸਿੰਘ ਹੁਰੀਂ ਸ਼ਾਮਲ ਹੋਏ।

# ਮਿਲਾਨ-ਕੋਰਟੀਨਾ ਓਲੰਪਿਕ ਖੇਡਾਂ ਲਈ ਕੈਨੇਡਾ ਦੇ ਝੰਡਾਬਰਦਾਰ ਚੁਣੇ ਗਏ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੀ ਓਲੰਪਿਕ ਕਮੇਟੀ ਨੇ ਇਟਲੀ ’ਚ ਮਿਲਾਨ-ਕੋਰਟੀਨਾ ਵਿੱਚ ਹੋਣ ਵਾਲੀਆਂ ਸਰਦੀ ਓਲੰਪਿਕ ਖੇਡਾਂ ਦੀ ਉਦਘਾਟਨੀ ਰਸਮ ਦੌਰਾਨ ਦੇਸ਼ ਦੀ ਨੁਮਾਇੰਦਗੀ ਕਰਨ ਲਈ ਦੋ ਪ੍ਰਸਿੱਧ ਖਿਡਾਰੀਆਂ ਦੀ ਚੋਣ ਕੀਤੀ ਹੈ। ਮੋਗਲ ਸਕੀ ਦੇ ਸਿਤਾਰੇ ਮਿਕਾਈਲ ਕਿੰਗਜ਼ਬਰੀ ਅਤੇ ਐਲਪਾਈਨ ਸਕੀਅਰ ਮੈਰੀਅਲ ਥਾਮਪਸਨ ਨੂੰ ਕੈਨੇਡਾ ਦੇ ਝੰਡਾਬਰਦਾਰ ਬਣਾਇਆ ਗਿਆ ਹੈ। ਉਦਘਾਟਨੀ ਸਮਾਰੋਹ 6 ਫ਼ਰਵਰੀ ਨੂੰ ਇਟਲੀ ਵਿੱਚ ਵੱਖ-ਵੱਖ ਥਾਵਾਂ ’ਤੇ ਇੱਕੋ ਸਮੇਂ ਆਯੋਜਿਤ ਕੀਤਾ ਜਾਵੇਗਾ। ਮਿਕਾਈਲ ਕਿੰਗਜ਼ਬਰੀ



ਮਿਲਾਨ-ਕੋਰਟੀਨਾ ਸਰਦੀ ਓਲੰਪਿਕ ਲਈ ਕੈਨੇਡਾ ਦੇ ਝੰਡਾਬਰਦਾਰ ਚੁਣੇ ਗਏ ਮਿਕਾਈਲ ਕਿੰਗਜ਼ਬਰੀ ਅਤੇ ਮੈਰੀਅਲ ਥਾਮਪਸਨ।

ਮੋਗਲ ਸਕੀ ਵਿੱਚ ਦੁਨੀਆ ਦੇ ਸਭ ਤੋਂ ਕਾਮਯਾਬ ਖਿਡਾਰੀਆਂ ਵਿੱਚ ਗਿਣਿਆ ਜਾਂਦਾ ਹੈ ਅਤੇ ਉਹ ਪਹਿਲਾਂ ਵੀ ਕਈ ਵਾਰ ਓਲੰਪਿਕ ਤੇ ਵਿਸ਼ਵ ਪੱਧਰੀ ਤਗਮੇ ਜਿੱਤ ਚੁੱਕਾ ਹੈ। ਦੂਜੇ ਪਾਸੇ, ਮੈਰੀਅਲ ਥਾਮਪਸਨ ਐਲਪਾਈਨ ਸਕੀ ਵਿੱਚ ਕੈਨੇਡਾ ਦੀ ਮਜ਼ਬੂਤ ਖਿਡਾਰਨ ਵਜੋਂ ਜਾਣੀ ਜਾਂਦੀ ਰਹੀ ਹੈ ਕੈਨੇਡਾ ਦੀ ਓਲੰਪਿਕ ਕਮੇਟੀ ਦਾ ਕਹਿਣਾ ਹੈ ਕਿ ਦੋਵੇ ਖਿਡਾਰੀ ਸਿਰਫ਼ ਆਪਣੇ ਖੇਡ ਪ੍ਰਦਰਸ਼ਨ ਲਈ ਹੀ ਨਹੀਂ, ਟੀਮ ਵਧੀਆ ਭਾਵਨਾ ਲਈ ਵੀ ਜਾਣੇ ਜਾਂਦੇ ਹਨ। ਕੈਨੇਡਾ ਭਰ ਦੇ ਖੇਡ ਪ੍ਰੇਮੀਆਂ ਨੇ ਇਸ ਐਲਾਨ ਦਾ ਸਵਾਗਤ ਕਰਦੇ ਹੋਏ ਦੋਹਾਂ ਖਿਡਾਰੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਹਨ ਅਤੇ ਉਮੀਦ ਜਤਾਈ ਹੈ ਕਿ ਮਿਲਾਨ-ਕੋਰਟੀਨਾ ਦੀਆਂ ਖੇਡਾਂ ਵਿੱਚ ਕੈਨੇਡਾ ਸ਼ਾਨਦਾਰ ਪ੍ਰਦਰਸ਼ਨ ਕਰੇਗਾ।

# 'ਮੈਂ ਮਿੱਟੀ' ਦਾ ਲੋਕ ਅਰਪਣ ਸਮਾਗਮ 1 ਫਰਵਰੀ ਨੂੰ






ਅਮਨ ਜੱਖਲਾਂ

**ਸੰਗਰੂਰ, (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 1 ਫਰਵਰੀ ਦਿਨ ਐਤਵਾਰ ਨੂੰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਉੱਘੇ ਕਵੀ ਅਮਨ ਜੱਖਲਾਂ ਦੀ ਪੁਸਤਕ 'ਮੈਂ ਮਿੱਟੀ' ਲੋਕ ਅਰਪਣ ਕੀਤੀ ਜਾਵੇਗੀ। ਇਸ ਸਮਾਗਮ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਮੀਤ ਖਟੜਾ ਕਰਨਗੇ ਅਤੇ ਮੁੱਖ ਮਹਿਮਾਨ ਵਜੋਂ ਸ੍ਰੀ ਰਾਹੁਲ ਸੈਨੀ ਜ਼ਿਲ੍ਹਾ ਯੁਵਾ ਅਫ਼ਸਰ ਸੰਗਰੂਰ ਸ਼ਾਮਲ ਹੋਣਗੇ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਪੁਸਤਕ ਤੋਂ ਪਹਿਲਾਂ ਅਮਨ ਜੱਖਲਾਂ ਦੇ ਦੋ ਕਾਵਿ-ਸੰਗ੍ਰਹਿ 'ਇਨਸਾਨੀਅਤ' ਅਤੇ 'ਕਿਰਤ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਮੌਕੇ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕਵੀ ਵਿਸ਼ਾਲ ਦਰਬਾਰ ਵੀ ਹੋਵੇਗਾ।

# ਚੀਨ ਨਾਲ ਸਾਂਝ ਬਰਤਾਨੀਆ ਲਈ ਲਾਜ਼ਮੀ, ਪ੍ਰਧਾਨ ਮੰਤਰੀ ਸਟਾਰਮਰ ਵਪਾਰਕ ਵਫ਼ਦ ਨਾਲ ਬੀਜਿੰਗ ਰਵਾਨਾ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਚੀਨ ਨੂੰ ਬਰਤਾਨੀਆ ਲਈ ਬਹੁਤ ਅਹੰਕਾਰਪੂਰਕ ਦੇਸ਼ ਕਰਾਰ ਦਿੰਦਿਆਂ ਕਿਹਾ ਹੈ ਕਿ ਮੌਜੂਦਾ ਵਿਸ਼ਵ ਪੱਧਰੀ ਹਾਲਾਤਾਂ ਵਿੱਚ ਚੀਨ ਨਾਲ ਸਬੰਧ ਤੋੜਨ ਦੀ ਥਾਂ ਉਨ੍ਹਾਂ ਨੂੰ ਸੰਭਾਲਣ ਅਤੇ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਚੀਨ ਨਾਲ ਸੰਵਾਦ ਅਤੇ ਸਹਿਯੋਗ ਬਰਤਾਨੀਆ ਦੇ ਆਰਥਿਕ ਹਿਤਾਂ ਨਾਲ ਸਿੱਧੇ ਤੌਰ ‘ਤੇ ਜੁੜਿਆ ਹੋਇਆ ਹੈ। ਪ੍ਰਧਾਨ ਮੰਤਰੀ ਸਟਾਰਮਰ ਉਦਯੋਗ, ਵਪਾਰ ਅਤੇ ਨਿਵੇਸ਼ ਨਾਲ ਜੁੜੇ ਪ੍ਰਮੁੱਖ ਨੇਤਾਵਾਂ ਦੇ ਇੱਕ ਵਫ਼ਦ ਦੇ ਨਾਲ ਚੀਨ ਦੀ ਰਾਜਧਾਨੀ ਬੀਜਿੰਗ ਦੇ ਦੌਰੇ ‘ਤੇ ਰਵਾਨਾ ਹੋ ਰਹੇ ਹਨ। ਇਸ ਦੌਰੇ ਦੌਰਾਨ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਸਹਿਯੋਗ, ਨਵੇਂ ਨਿਵੇਸ਼ ਮੌਕੇ ਅਤੇ ਉਦਯੋਗਕ ਵਿਕਾਸ ਨਾਲ ਸਬੰਧਿਤ ਮਸਲਿਆਂ ‘ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਸਟਾਰਮਰ ਨੇ ਕਿਹਾ ਕਿ ਬਰਤਾਨੀਆ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਵਿਦੇਸ਼ੀ ਨਿਵੇਸ਼ ਅਤੇ ਅੰਤਰਰਾਸ਼ਟਰੀ ਵਪਾਰ ਅਹੰਕਾਰਪੂਰਕ ਭੂਮਿਕਾ ਨਿਭਾਂਦੇ ਹਨ ਅਤੇ ਇਸ ਵਿੱਚ ਚੀਨ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਰਾਸ਼ਟਰੀ ਸੁਰੱਖਿਆ, ਆਰਥਿਕ ਸਥਿਰਤਾ ਅਤੇ ਰੋਜ਼ਗਾਰ ਦੇ ਮੌਕਿਆਂ ਵਿਚਕਾਰ ਸੰਤੁਲਨ ਬਣਾਇਆ ਜਾਵੇ। ਪ੍ਰਧਾਨ ਮੰਤਰੀ ਨੇ ਇਹ ਵੀ ਸਪਸ਼ਟ ਕੀਤਾ ਕਿ ਮਨੁੱਖੀ ਅਧਿਕਾਰਾਂ, ਕਾਨੂੰਨੀ ਨਿਯਮਾਂ ਅਤੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਬਾਰੇ ਬਰਤਾਨੀਆ ਆਪਣਾ ਸਪਸ਼ਟ ਰੁਖ ਰੱਖਦਾ ਰਹੇਗਾ, ਪਰ ਨਾਲ ਹੀ ਗੱਲਬਾਤ ਦੇ ਰਾਹ ਖੁੱਲ੍ਹੇ ਰੱਖਣ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਲੱਗ-ਥਲੱਗ ਰਹਿਣ ਦੀ ਨੀਤੀ ਕਿਸੇ ਵੀ ਦੇਸ਼ ਦੇ ਹਿਤ ਵਿੱਚ ਨਹੀਂ ਹੁੰਦੀ।

ਸਿਆਸੀ ਮਾਹਿਰਾਂ ਅਨੁਸਾਰ ਇਹ ਦੌਰਾ ਬਰਤਾਨੀਆ ਅਤੇ ਚੀਨ ਦੇ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਸਾਬਤ ਹੋ ਸਕਦਾ ਹੈ, ਜਿਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਭਰੋਸਾ ਵਧਣ ਅਤੇ ਆਰਥਿਕ ਸਹਿਯੋਗ ਨੂੰ ਨਵੀਂ ਦਿਸ਼ਾ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ।

# ਫ਼ਰਾਂਸ ਨਾਲ ਸਮਝੌਤੇ ਤਹਿਤ ਕਾਰਵਾਈ ਤੇਜ਼, ਬਰਤਾਨੀਆ ਵੱਲੋਂ 281 ਗੈਰਕਾਨੂੰਨੀ ਪ੍ਰਵਾਸੀ ਵਾਪਸ ਭੇਜੇ ਗਏ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਸਰਕਾਰ ਨੇ ਫ਼ਰਾਂਸ ਨਾਲ ਹੋਏ ਆਪਸੀ ਸਮਝੌਤੇ ਤਹਿਤ ਹੁਣ ਤੱਕ 281 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਫ਼ਰਾਂਸ ਭੇਜ ਦਿੱਤਾ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਇਹ ਕਾਰਵਾਈ ਉਸ ਨੀਤੀ ਅਧੀਨ ਕੀਤੀ ਜਾ ਰਹੀ ਹੈ, ਜਿਸ ਅਨੁਸਾਰ ਇੱਕ ਪ੍ਰਵਾਸੀ ਨੂੰ ਬਰਤਾਨੀਆ ਵਿਚ ਦਾਖ਼ਲਾ ਮਿਲਣ ਦੀ ਸੂਰਤ ਵਿੱਚ ਇੱਕ ਹੋਰ ਪ੍ਰਵਾਸੀ ਨੂੰ ਵਾਪਸ ਭੇਜਿਆ ਜਾਂਦਾ ਹੈ। ਗ੍ਰਹਿ ਵਿਭਾਗ ਵੱਲੋਂ ਦੱਸਿਆ ਗਿਆ ਹੈ ਕਿ ਇਹ ਸਮਝੌਤਾ ਸਮੁੰਦਰੀ ਰਸਤੇ ਰਾਹੀਂ ਹੋ ਰਹੀ ਗੈਰਕਾਨੂੰਨੀ ਆਵਾਜਾਈ ਨੂੰ ਰੋਕਣ ਲਈ ਕੀਤਾ ਗਿਆ ਹੈ। ਅਧਿਕਾਰੀਆਂ ਅਨੁਸਾਰ ਇਸ ਨੀਤੀ ਨਾਲ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ‘ਤੇ ਵੀ ਰੋਕ ਲੱਗੇਗੀ ਅਤੇ ਸਰਹੱਦੀ ਸੁਰੱਖਿਆ ਮਜ਼ਬੂਤ ਹੋਵੇਗੀ।

ਸਰਕਾਰ ਨੇ ਕਿਹਾ ਹੈ ਕਿ ਛੋਟੀਆਂ ਕਿਸ਼ਤੀਆਂ ਰਾਹੀਂ ਸਮੁੰਦਰ ਪਾਰ ਕਰਕੇ ਬਰਤਾਨੀਆ ਪਹੁੰਚਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਚਿੰਤਾਜਨਕ ਵਾਧਾ ਹੋ ਰਿਹਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕਦਮ ਚੁੱਕਿਆ ਗਿਆ ਹੈ। ਫ਼ਰਾਂਸ ਨਾਲ ਸਹਿਯੋਗ ਦੇ ਨਾਲ ਨਾਲ ਤਟਵਰਤੀ ਖੇਤਰਾਂ ਵਿੱਚ ਨਿਗਰਾਨੀ ਵੀ ਵਧਾਈ ਗਈ ਹੈ। ਮੰਤਰੀਆਂ ਨੇ ਦਾਅਵਾ ਕੀਤਾ ਹੈ ਕਿ ਇਹ ਨੀਤੀ ਇਨਸਾਨੀ ਅਸੂਲਾਂ ਦੇ ਅਨੁਕੂਲ ਹੈ ਅਤੇ ਅਸਲ ਸ਼ਰਨਾਰਥੀਆਂ ਦੀ ਸਹਾਇਤਾ ਲਈ ਕਾਨੂੰਨੀ ਰਸਤੇ ਖੁੱਲ੍ਹੇ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਗੈਰਕਾਨੂੰਨੀ ਤਰੀਕਿਆਂ ਨਾਲ ਦਾਖ਼ਲ ਹੋਣ ਨੂੰ ਕਿਸੇ ਵੀ ਸੂਰਤ ਵਿੱਚ ਉਤਸ਼ਾਹਿਤ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਨੀਤੀ ‘ਤੇ ਸਵਾਲ ਖੜੇ ਕਰਦਿਆਂ ਕਿਹਾ ਹੈ ਕਿ ਵਾਪਸੀ ਦੌਰਾਨ ਪ੍ਰਵਾਸੀਆਂ ਦੀ ਸੁਰੱਖਿਆ ਅਤੇ ਹੱਕਾਂ ਦੀ ਪੂਰੀ ਗਰੰਟੀ ਹੋਣੀ ਚਾਹੀਦੀ ਹੈ। ਹਾਲਾਂਕਿ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਹਰ ਮਾਮਲੇ ਦੀ ਵੱਖ-ਵੱਖ ਜਾਂਚ ਕੀਤੀ ਜਾ ਰਹੀ ਹੈ। ਸਿਆਸੀ ਮਾਹਿਰਾਂ ਅਨੁਸਾਰ ਫ਼ਰਾਂਸ ਨਾਲ ਇਹ ਸਮਝੌਤਾ ਬਰਤਾਨੀਆ ਦੀ ਪ੍ਰਵਾਸ ਨੀਤੀ ਵਿੱਚ ਵੱਡਾ ਮੋੜ ਸਾਬਤ ਹੋ ਸਕਦਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਹੋਰ ਨਤੀਜੇ ਸਾਹਮਣੇ ਆ ਸਕਦੇ ਹਨ।

# ਵਰਤਮਾਨ ਸਮੇਂ 'ਚ 'ਕੁੱਖਾਂ' ਤੇ 'ਰੁੱਖਾਂ' ਨੂੰ ਸੰਭਾਲਣ ਦੀ ਲੋੜ-ਮੋਨੂੰ ਢੀਂਗਰਾ

**ਫਿਲੌਰ/ਅੱਪਰਾ, (ਦੀਪਾ)**-ਅੱਜ ਅੱਪਰਾ ਵਿਖੇ ਮੀਡੀਆ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵਕ ਮੋਨੂੰ ਢੀਂਗਰਾ ਨੇ ਕਿਹਾ ਕਿ ਵਰਤਮਾਨ ਸਮੇਂ 'ਚ ਜਿਸ ਤਰਾਂ ਲੜਕੀਆਂ ਦੀ ਗਿਣਤੀ ਲੜਕਿਆਂ ਦੀ ਤੁਲਨਾ 'ਚ ਘਟ ਰਹੀ ਹੈ ਤੇ ਵਾਤਾਵਰਣ ਗੰਧਲਾ ਤੇ ਅਸੰਤੁਲਿਤ ਹੋ ਰਿਹਾ ਹੈ, ਇਸ ਲਈ ਜਰੂਰੀ ਹੋ ਗਿਆ ਹੈ ਕਿ ਵਰਤਮਾਨ ਸਮੇਂ 'ਚ 'ਕੁੱਖਾਂ' ਤੇ 'ਰੁੱਖਾਂ' ਨੂੰ ਸੰਭਾਲਿਆ ਜਾਵੇ । ਉਨਾਂ ਅੱਗੇ



ਕਿਹਾ ਕਿ ਸਾਨੂੰ ਆਪਣੀਆਂ ਧੀਆਂ, ਭੈਣਾਂ ਨੂੰ ਪੜਾਉਣਾ ਵੀ ਜਰੂਰ ਚਾਹੀਦਾ ਹੈ, ਕਿਉਂਕਿ ਜੇਕਰ ਇੱਕ ਔਰਤ ਪੜਦੀ ਹੈ ਤਾਂ ਪੂਰਾ ਪਰਿਵਾਰ ਪੜਨ ਲੱਗ ਜਾਂਦਾ ਹੈ । ਮੋਨੂੰ ਢੀਂਗਰਾ ਨੇ ਅੱਗੇ ਕਿਹਾ ਕਿ ਵਾਤਾਵਰਣ ਨੂੰ ਬਚਾਈ ਰੱਖਣ ਲਈ ਵੀ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ । ਇਸ ਲਈ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਮਾਜ ਸੈਵੀ ਸੰਸਥਾਵਾਂ ਦੇ ਨਾਲ ਮਿਲ ਕੇ ਇੱਕ ਨਵੀਂ ਲਹਿਰ ਚਲਾਵੇ ਤਾਂ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਇੱਕ ਬਿਹਤਰ ਵਾਤਾਵਰਣ ਪ੍ਰਦਾਨ ਕਰ ਸਕੀਏ ।

# ਬਿਜਲੀ ਬੰਦ ਰਹੇਗੀ

**ਫਿਲੌਰ/ਅੱਪਰਾ, (ਦੀਪਾ)**-ਪਾਵਰਕਾਮ ਉੱਪ ਮੰਡਲ ਅੱਪਰਾ ਦੇ ਜੇ ਏ ਇਹ ਬਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ 220 ਕੇ ਵੀ ਸਬ ਸਟੇਸ਼ਨ ਗੋਰਾਇਆ ਵਿਖੇ ਬਿਜਲੀ ਯੰਤਰਾਂ ਅਤੇ ਲਾਈਨਾਂ ਦੀ ਜਰੂਰੀ ਮੁਰੰਮਤ ਕਰਨ ਕਰਕੇ ਮਿਤੀ 29/01/2026 ਦਿਨ ਵਿਰਵਾਰ ਨੂੰ ਬਿਜਲੀ ਘਰ ਅੱਪਰਾ ਤੋਂ ਚਲਦੇ ਯੂਪੀਐਸ ਅਤੇ ਅੱਪਰਾ ਸ਼ਹਿਰੀ ਫੀਡਰ ਸਮੇਤ ਏ.ਪੀ ਦੀ ਬਿਜਲੀ ਸਮਾਂ ਸਵੇਰੇ 09-00 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ।ਜਿਸ ਕਰਕੇ ਪਿੰਡ ਮੰਡੀ, ਅੱਪਰਾ, ਛੋਕਰਾਂ, ਚੱਕ ਸਾਹਬੂ, ਸਮਰਾੜੀ, ਜੱਜਾਂ ਖੁਰਦ, ਕੰਗ ਜਗੀਰ, ਤਰਖਾਣ ਮਜਾਰਾ,ਪਾਲਕਦੀਮ, ਪਾਲਨੌਂ ਲਾਂਦੜਾ, ਖਾਨਪੁਰ, ਗੜੀ ਮਹਾਂ ਸਿੰਘ, ਤੂਰਾਂ, ਕਟਾਣਾ, ਚੀਮਾ ਕਲਾਂ, ਚੀਮਾਂ ਖੁਰਦ ਅਤੇ ਲੋਹਗੜ ਪਿੰਡਾਂ ਦੀ ਬਿਜਲੀ ਬੰਦ ਰਹੇਗੀ।

# ਸੰਯੁਕਤ ਕਿਸਾਨ ਮੋਰਚੇ ਦੀ ਕਾਲ ਤੇ ਮਹਿਤਪੁਰ ਵਿਖੇ ਕਿਸਾਨ ਯੂਨੀਅਨਾਂ ਵੱਲੋਂ ਟਰੈਕਟਰ ਮਾਰਚ ਕੱਢਿਆ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)** ਕੇਂਦਰ ਦੀ ਸਰਕਾਰ ਵੱਲੋਂ ਲਿਆਦੇ ਗਏ ਤਿੰਨ ਖੇਤੀ ਕਾਨੂੰਨਾ ਖਿਲਾਫ਼ ਸੰਯੁਕਤ ਕਿਸਾਨ ਮੋਰਚੇ ਵੱਲੋਂ ਲੜੇ ਸੰਘਰਸ਼ ਤੇ 26 ਜਨਵਰੀ ਮੌਕੇ ਦਿੱਲੀ ਦੀਆਂ ਸੜਕਾਂ ਤੇ ਕੀਤੀ ਗਈ ਟਰੈਕਟਰ ਪਰੇਡ ਜਿਸਨੂੰ ਹਰ ਸਾਲ ਇਤਿਹ-ਾਸਕ ਦਿਨ ਵਜੋਂ ਮਨਾਉਣ ਦੇ ਲਏ ਗਏ ਫੈਸਲੇ ਤਹਿਤ ਅੱਜ ਮਹਿਤਪੁਰ ਵਿੱਚ ਕਿਰਤੀ ਕਿਸਾਨ ਯੂਨੀਅਨ ਤੇ ਆਲ ਇੰਡੀਆ ਕਿਸਾਨ ਸਭਾ 1936 ਵੱਲੋਂ ਸੈਕੜੇ ਟਰੈਕਟਰਾਂ ਨਾਲ ਪਰੇਡ ਕੀਤੀ ਗਈ।ਜੋ ਵੱਖੋ ਵੱਖਰੇ ਪਿੰਡਾਂ ਵਿੱਚੋਂ ਦੀ ਹੁੰਦੀ ਹੋਈ ਸ਼ਹਿਰ ਵਿੱਚ ਪਰੇਡ ਕਰਨ ਤੋਂ ਬਾਅਦ ਵਿੱਚ ਸਮਾਪਤ ਹੋਈ। ਜਿਸ ਦੀ ਅਗਵਾਈ ਕਰ ਰਹੇ ਕਿਰਤੀ ਕਿਸਾਨ ਯੂਨੀਅਨ ਦੇ ਰਜਿੰਦਰ ਮੰਡ, ਬਚਨ ਸਿੰਘ ਤੇ ਆਲ ਇੰਡੀਆ ਕਿਸਾਨ ਸਭਾ 1936 ਦੇ ਸੂਬਾਈ ਆਗੂਆਂ ਸੰਦੀਪ ਅਰੋੜਾ ਤੇ ਦਿਲਬਾਗ ਸਿੰਘ ਚੰਦੀ ਨੇ ਕਿਹਾ ਕਿ ਉਸ ਸਮੇਂ ਵੀ ਤਿੰਨ ਕਾਲੇ ਕਾਨੂੰਨਾ ਖਿਲਾਫ਼ ਸੰਘਰਸ਼ ਕਰਦਿਆਂ ਟਰੈਕਟਰ ਪਰੇਡ ਦਿੱਲੀ ਵਿੱਚ ਕੀਤੀ ਗਈ ਸੀ। ਤਾਂ ਕੇਂਦਰ ਸਰਕਾਰ ਨੂੰ ਉਹ ਕਾਨੂੰਨ ਵਾਪਿਸ ਲੈਣੇ ਪਏ ਸੀ। ਪਰ ਹੁਣ



ਕੇਂਦਰ ਤੇ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ ਬਿਜਲੀ ਬਿੱਲ, ਸੀਡ ਬਿੱਲ ਤੇ ਮਨਰੇਗਾ ਨੂੰ ਖਤਮ ਕਰਕੇ ਜੀ ਰਾਮ ਜੀ ਕਾਨੂੰਨ ਲਿਆ ਰਹੀ ਹੈ । ਉਹਨਾਂ ਕਿਹਾ ਕਿ ਜੇਕਰ ਇਹ ਕਾਨੂੰਨ ਪਾਸ ਹੋ ਗਏ ਤਾਂ ਕਿਸਾਨਾਂ ਮਜਦੂਰਾਂ ਦੇ ਘਰਾਂ ਵਿੱਚ ਹਨੇਰਾ ਛਾਂ ਜਾਵੇਗਾ। ਚਿੱਪ ਵਾਲੇ ਮੀਟਰ ਲੱਗਣ ਨਾਲ ਬਿਜਲੀ ਸਬਸਿਡੀ ਵੀ ਖਤਮ ਹੋਵੇਗੀ। ਤੇ ਖਪਤਕਾਰਾਂ ਵੀ ਵੱਡੇ ਵੱਡੇ ਬਿੱਲ ਤਾਰਨ ਤੋਂ ਅਸਮਰਥ ਹੋਣਗੇ। ਮਨਰੇਗਾ ਤਹਿਤ ਮਿਲਦਾ ਕੰਮ ਜੋ ਕਿ ਪਹਿਲਾਂ 90-10 ਦੀ ਰੇਸ਼ੋ ਨਾਲ ਵੀ ਬਹੁਤ ਮੁਸ਼ਕਿਲ ਮਿਲਦਾ ਸੀ ਤੇ ਹੁਣ 60-40 ਦੀ ਰੇਸ਼ੋ ਨਾਲ ਕਿਵੇਂ ਮਿਲੇਗਾ ਕਿਉਂਕਿ ਸੂਬਾ ਸਰਕਾਰਾਂ ਤਾਂ ਪਹਿਲਾਂ ਹੀ ਖਜ਼ਾਨਾ ਖਾਲੀ ਦੀ ਦੁਹਾਈ ਦੇਕੇ ਭਾਰੀ ਕਰਜ ਹੇਠਾਂ ਹਨ। ਇਸ ਲਈ ਸਾਨੂੰ ਇਹ ਟਰੈਕਟਰ ਪਰੇਡਾ, ਜਾਗੋਆ, ਢੋਲ ਮੁਜਾਹਰੇ, ਰੈਲੀਆਂ, ਤੇ ਨੁਕੜ ਮੀਟਿੰਗਾਂ ਹਰ ਪਿੰਡ ਹਰ ਸ਼ਹਿਰ ਵਿੱਚ ਕਰਨ ਦੀ ਲੋੜ ਹੈ ਤਾਂ ਜੋ ਸਰਕਾਰਾਂ ਦੁਆਰਾ ਲਿਆਦੇ ਮਾਰੂ ਕਾਨੂੰਨਾ ਨੂੰ ਵਾਪਿਸ ਕਰਵਾਇਆ ਜਾ ਸਕੇ। ਇਸ ਮੌਕੇ ਰਵਨੀਤ ਸਿੰਘ ਜੱਜ, ਰਤਨ ਸਿੰਘ, ਬਲਵੀਰ ਸਿੰਘ, ਸਰਬਜੀਤ ਸਿੰਘ ਚੰਦੀ, ਤਰਸਿੰਦਰ ਸਿੰਘ, ਅਮਰਦੀਪ ਢਿੱਲੋਂ, ਗੁਰਪ੍ਰੀਤ ਸਿੰਘ, ਅਜੂਬ ਸਿੰਘ, ਤਰੁਨ ਅਰੋੜਾ, ਸਾਹਿਲ ਅਰੋੜਾ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਦੁਸਾਂਝ ਕਲਾਂ 'ਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649 ਵਾਂ ਪ੍ਰਕਾਸ਼ ਪੁਰਬ 1 ਫਰਵਰੀ ਨੂੰ ਮਨਾਇਆ ਜਾਵੇਗਾ



ਫਿਲੌਰ/, ਅੱਪਰਾ 26 ਜਨਵਰੀ ( ਦੀਪਾ ):--ਪਿੰਡ ਦੁਸਾਂਝ ਕਲਾਂ ਵਿਖੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਮਾਤਾ ਕਲਸਾਂ ਦਰਵਾਜ਼ਾ ਜੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਤੇ ਐਨ. ਆਰ. ਆਈਜ਼ ਵੀਰਾਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649 ਵੇਂ ਪ੍ਰਕਾਸ਼ ਪੁਰਬ ਦੇ ਸਬੰਧ 'ਚ ਪੋਸਟਰ ਜਾਰੀ ਕੀਤਾ ਗਿਆ । ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਜਿੰਦਰ ਕੁਮਾਰ ਨੇ ਦੱਸਿਆ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 25 ਜਨਵਰੀ ਤੋਂ ਆਰੰਭ ਪ੍ਰਭਾਤ ਫੇਰੀ ਅਤੇ 31 ਜਨਵਰੀ ਤੱਕ ਪ੍ਰਭਾਤ ਫੇਰੀਆਂ ਸਜ਼ਾਈਆ ਜਾਣਗੀਆ। ਉਨ੍ਹਾਂ ਅੱਗੇ ਦੱਸਿਆ ਕਿ 31 ਜਨਵਰੀ ਸਵੇਰ 8 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਪਹਿਨਾਉਣ ਦੀ ਸੇਵਾ ਨਿਭਾਈ ਜਾਵੇਗੀ ਅਤੇ 10 ਵਜੇ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 01 ਫਰਬਰੀ ਨੂੰ ਸਵੇਰੇ 10 ਵਜੇ ਵਿਸ਼ਾਲ ਕੀਰਤਨ ਸਜਾਇਆ ਜਾਵੇਗਾ, ਨਗਰ ਕੀਰਤਨ ਸਮੇਂ ਪੰਥਕ ਢਾਡੀ ਜੱਥਾ ਆਇਆ ਸੰਗਤਾਂ ਨੂੰ ਗੁਰਬਾਣੀ ਇਤਿਹਾਸ ਨਾਲ ਜੋੜਨਗੇ। 02 ਫਰਬਰੀ ਸਵੇਰੇ 10 ਆਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨੀ ਜਥਾ ਰਸਭਿੰਨਾ ਕੀਰਤਨ ਕਰਨਗੇ ਬਾਅਦ ਦੁਪਿਹਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸ਼ਾਮ 7 ਵਜੇ ਧਾਰਮਿਕ ਸਟੇਜ ਸਜਾਈ ਜਾਵੇਗੀ, ਜਿਸ 'ਚ ਮਿਸ਼ਨਰੀ ਗਾਇਕਾਂ ਰਜਨੀ ਠੱਕਰਵਾਲ ਆਇਆ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ। ਇਸ ਮੌਕੇ ਪ੍ਰਧਾਨ ਰਜਿੰਦਰਪਾਲ , ਸਤਪਾਲ, ਸੈਕਟਰੀ ਮਨੋਹਰ ਲਾਲ, ਖ਼ਜ਼ਾਨਚੀ ਸੋਮ ਨਾਥ, ਸਹਾਇਕ ਖ਼ਜ਼ਾਨਚੀ ਸੁਰਜੀਤ ਪਾਲ, ਜਸਪਾਲ ਭੁੱਟਾ, ਸੁਰਿੰਦਰ ਪਾਲ, ਡਾ. ਓਮ ਪ੍ਰਕਾਸ਼, ਮੱਖਣ ਰਾਮ, ਸਤਪਾਲ ਸੱਤੀ, ਹੈਂਡ ਗ੍ਰੰਥੀ ਮੱਖਣ ਸਿੰਘ ਤੋਂ ਇਲਾਵਾਂ ਸੰਗਤਾਂ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਦੇਸ਼ ਦੇ 77ਵੇਂ ਗਣਤੰਤਰ ਦਿਹਾੜੇ 'ਤੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕੌਮੀ ਝੰਡਾ ਲਹਿਰਾਇਆ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੇਸ਼ ਦੇ 77ਵੇਂ ਗਣਤੰਤਰ ਦਿਹਾੜੇ ਮੌਕੇ ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਕੌਮੀ ਝੰਡਾ ਲਹਿਰਾਇਆ। ਉਨ੍ਹਾਂ ਇਸ ਮੌਕੇ ਇਕੱਤਰ ਸਮੂਹ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਜਮਹੂਰੀਅਤ ਨੂੰ ਸਹੀ ਅਰਥਾਂ 'ਚ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਕੇ ਲਾਗੂ ਕੀਤਾ ਜਾ ਸਕਦਾ ਹੈ, ਜਿਸ ਲਈ ਸਾਨੂੰ ਆਮ ਲੋਕਾਂ ਦੀਆਂ ਸਮੱਸਿਆਵਾਂ ਅਤੇ ਕੰਮਾਂ ਪ੍ਰਤੀ ਸੰਜੀਦਾ ਪਹੁੰਚ ਰੱਖਣੀ ਚਾਹੀਦੀ ਹੈ। ਇਸ ਮੌਕੇ ਏ ਐਸ ਆਈ ਕਮਲਰਾਜ ਦੀ ਅਗਵਾਈ 'ਚ ਆਈ ਪੁਲਿਸ ਟੁਕੜੀ ਨੇ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਜਦਕਿ ਸੇਂਟ ਜੋਜ਼ਫ਼ ਕਾਨਵੈਂਟ ਸਕੂਲ ਨਵਾਂਸ਼ਹਿਰ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਗਾਣ ਦਾ ਗਾਇਨ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ, ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਸਮੂਹ ਕਰਮਚਾਰੀ ਮੌਜੂਦ ਸਨ। ਸਕੂਲੀ ਬੱਚਿਆਂ ਨੂੰ ਲੱਡੂ ਵੰਡ ਕੇ 77ਵੇਂ ਗਣਤੰਤਰ ਦਿਵਸ ਦੀਆਂ ਖੁਸ਼ੀਆਂ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ ਗਈਆਂ।



# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਨਵਾਂਸ਼ਹਿਰ ਵਲੋਂ ਪਰਿਵਾਰਿਕ ਮਿਲਣੀ ਕਰਵਾਈ ਗਈ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਨਵਾਂਸ਼ਹਿਰ ਵੱਲੋ ਤਰਕਸ਼ੀਲ ਪਰਿਵਾਰਿਕ ਮਿਲਣੀ ਦਾ ਅਯੋਜਨ ਬਲਵਿੰਦਰ ਕੌਰ ਸਲੋਹ ਇਕਾਈ ਜਥੇਬੰਦਕ ਮੁਖੀ ਦੇ ਘਰ ਸਲੋਹ ਵਿਖੇ ਕੀਤਾ ਗਿਆ।ਇਸ ਪਰਿਵਾਰਿਕ ਮਿਲਣੀ 'ਚ ਜੋਨ ਨਵਾਂਸ਼ਹਿਰ ਦੀਆ ਇਕਾਈਆਂ ਬੰਗਾ,ਗੜ੍ਹਸ਼ੰਕਰ ਅਤੇ ਨਵਾਂਸ਼ਹਿਰ ਦੇ ਸਮੁੱਚੇ ਪਰਿਵਾਰਾ ਵੱਲੋ ਸਮੂਲੀਅਤ ਕੀਤੀ ਗਈ।ਪਰਿਵਾਰਾ ਨੂੰ ਤਰਕਸ਼ੀਲ ਨਜ਼ਰੀਏ ਤੋਂ ਸਿੱਖਿਅਤ ਕਰਨ ਅਤੇ ਪਰਿਵਾਰਾ ਦੀ ਸਾਂਝ ਨੂੰ ਮਜਬੂਤ ਕਰਨ ਲਈ ਵਿਚਾਰ ਚਰਚਾਵਾਂ ਕੀਤੀਆ ਗਈਆਂ,ਚਰਚਾ ਦੀ ਸ਼ੁਰੂਆਤ ਸਾਹਿਤ ਦੇ ਵਣਜਾਰੇ ਇਕਾਈ ਦੇ ਸਰਗਰਮ ਆਗੂ ਜਸਵੀਰ ਬੇਗਮਪੁਰੀ ਵਲੋ ਸਾਹਿਤ ਨਾਲ ਸਾਂਝ ਪਾਉਂਦਿਆਂ ਆਏ ਸਾਥੀਆ ਨੂੰ ਜੀ ਆਇਆ ਆਖ ਕੇ ਕੀਤੀ।ਸੀਨੀਅਰ ਆਗੂ ਸੱਤਪਾਲ ਸਲੋਹ ਵਲੋ ਸੁਸਾਇਟੀ ਦੀ ਹੋਂਦ,ਸਮਝ,ਉਦੇਸ਼ ਅਤੇ ਕਾਰਜ ਵਿਉਂਤ ਤੇ ਬੋਲਦਿਆਂ ਕੌੜੇ-ਮਿੱਠੇ ਤਜਰਬਿਆਂ ਰਾਹੀ ਵੱਖ ਵੱਖ ਕੇਸਾ ਦੀ ਗੱਲ ਕਰਦਿਆ ਚਰਚਾ ਨੂੰ ਅੱਗੇ ਤੋਰਿਆ।ਮਾਸਟਰ ਰਾਜ ਕੁਮਾਰ,ਹਰਜਿੰਦਰ ਸੂੰਨੀ ਵਲੋ ਤਰਕਸ਼ੀਲਤਾ ਦੇ ਵੱਖ-ਵੱਖ ਪੜਾਅ ਤੇ ਕੀ? ਕਿਓ? ਕਿਵੇਂ ਦੀ ਸਮਝ ਨੂੰ ਅਪਣਾਉਣ ਲਈ ਜੋਰ ਦਿੱਤਾ। ਔਰਤਾ ਦੀ ਭਰਮੀ ਸਮੂਲੀਅਤ ਦੇ ਨਾਲ ਨਾਲ ਪਹਿਲੀ ਵਾਰ ਹਾਜਰ ਮੈਂਬਰਾ ਨੂੰ ਇਕਾਈ ਵਲੋ ਕਿਤਾਬਾ ਸਨਮਾਨ ਵਜੋ ਭੇਟ ਕੀਤੀਆ ਗਈਆਂ।ਇਸ ਮਿਲਣੀ ਨੂੰ ਰੋਚਕ ਬਣਾਉਂਦਿਆਂ ਬੱਚਿਆਂ ਬਲਵਿੰਦਰ ਕੌਰ,ਇਸ਼ਾ,ਨਵਨੀਤ,ਕਰਨ ਰੱਤੂ,ਤੇ





ਵਿਵੇਕ ਰੱਤੂ ਵਲੋ ਨਿਡਰਤਾ ਦੇ ਨਾਲ ਸਿਸਟਮ ਤੇ ਕਵਿਤਾ ਪੇਸ਼ ਕਰਨ ਦੇ ਨਾਲ ਨਾਲ ਸਵਾਲਾ-ਜੁਆਬਾ ਦੇ ਜਰੀਏ ਚਰਚਾ 'ਚ ਹਿੱਸਾ ਲਿਆ। ਮਾਸਟਰ ਜਗਦੀਸ਼ ਰਾਏਪੁਰਡੱਬਾ ਜੋਨ ਨਵਾਂਸ਼ਹਿਰ ਮੁਖੀ ਜਥੇਬੰਦਕ ਵਿਭਾਗ ਵਲੋ ਮਰਦਾ ਨਾਲੋ ਔਰਤਾ ਦੇ ਅੰਧਵਿਸ਼ਵਾਸੀ ਹੋਣ ਦੇ ਨੁਕਸਾਨ ਤੇ ਚਰਚਾ ਕਰਦਿਆ ਔਰਤਾ ਨੂੰ ਸਿਖਿਅਤ ਕਰਨ ਤੇ ਜੋਰ ਦਿੰਦਿਆ ਇਕਾਈ ਦੇ ਉਪਰਾਲੇ ਦੀ ਸ਼ਲਾਘਾ ਕੀਤੀ।ਇਸ ਸਮਾਗਮ ਦੀ ਸਾਰੀ ਕਾਰਗੁਜ਼ਾਰੀ ਸੁਬਾਈ ਆਗੂ ਜੁਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰ ਵਿਭਾਗ ਦੀ ਨਿਗਰਾਨੀ ਹੇਠ ਨੇਪਰੇ ਚਾੜ੍ਹਿਆ ਗਿਆ ਉਹਨਾਂ ਅਜਿਹੇ ਕਾਰਜਾ ਦੀ ਲਗਾਤਾਰਤਾ ਦੇ ਨਾਲ-ਨਾਲ ਸੂਬੇ 'ਚ ਵੀ ਲਾਗੂ ਕਰਨ ਦੀ ਗੱਲ ਆਖੀ।ਇਸ ਮੌਕੇ ਮੋਹਨ ਬੀਕਾ,ਬਲਜਿੰਦਰ ਸਵਾਜਪੁਰੀ,ਗੁਰਨਾਮ ਸਿੰਘ,ਡਾਂ.ਦਲਵੀਰ ਮਾਹਲ,ਪਰਮਿੰਦਰ ਕੌਰ,ਸਿੰਮੀ,ਮੀਨਾ ਕੁਮਾਰੀ ਪ੍ਰਿਸੀਪਲ ਕਮਲਜੀਤ ਕੌਰ,ਸੁਰਜੀਤ ਰੁੜਕੀ,ਸੁਮਨ ਪਰਮਜੀਤ ਕੌਰ,ਬਲਵਿੰਦਰ ਕੁਮਾਰ,ਸੰਜੀਵ ਕੁਮਾਰ ਆਦਿ ਨੇ ਸਮੂਲੀਅਤ ਕੀਤੀ।ਸਟੇਜ ਦਾ ਸੰਚਾਲਨ ਨਿੰਦਰ ਮਾਈਦਿੱਤਾ (ਸਰਪੰਚ) ਵਲੋ ਕੀਤਾ ਗਿਆ ਅੰਤ ਵਿੱਚ ਇਕਾਈ ਮੁਖੀ ਜਥੇਬੰਦਕ ਵਿਭਾਗ ਵਲੋ ਆਏ ਸਾਥੀਆ ਦਾ ਧੰਨਵਾਦ ਕੀਤਾ ਗਿਆ ਤੇ ਜਸਵੀਰ ਬੇਗਮਪੁਰੀ ਵਲੋ ਬੇਟੇ ਤੇ ਬਹੂ ਦੀ ਪਹਿਲੀ ਸਾਲਗਿਰਾ ਦੀ ਖੁਸ਼ੀ ਵਿਚ ਇਕਾਈ ਨੂੰ ਮਾਈਕ ਸਹਾਇਤਾ ਦਿੱਤੀ ਗਈ।

# ਸਿਹਤ ਵਿਭਾਗ ਦੇ ਮਲਟੀਪਰਪਜ ਕੇਡਰ ਦੀਆਂ ਪਿਛਲੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਹੱਲ ਲਈ ਗਣਤੰਤਰ ਦਿਵਸ ਤੇ ਦਿੱਤਾ ਯਾਦ ਪੱਤਰ



**ਮਾਨਸਾ।** ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਮਲਟੀਪਰਪਜ ਹੈਲਥ ਇੰਪਲਾਈਜ ਮੇਲ ਫੀਮੇਲ ਯੂਨੀਅਨ ਪੰਜਾਬ ਵੱਲੋਂ ਗਣਤੰਤਰ ਦਿਵਸ ਦੇ ਮੌਕੇ ਤੇ ਸਾਰੇ ਜ਼ਿਲਿਆਂ ਵਿੱਚ ਝੰਡਾ ਲਹਿਰਾਉਣ ਆਏ ਮੁੱਖ ਮੰਤਰੀ/ਕੈਬਨਿਟ ਮੰਤਰੀ ਸਾਹਿਬਾਨ, ਐਮ ਐਲ ਏ ਸਹਿਬਾਨ ਨੂੰ ਕਰਮਚਾਰੀਆਂ ਦੀਆਂ ਮੁੱਖ ਅਤੇ ਜਾਇਜ਼ ਮੰਗਾਂ ਦੇ ਹੱਲ ਲਈ ਮੰਗ ਪੱਤਰ ਦਿੱਤੇ ਗਏ। ਯੂਨੀਅਨ ਦੇ ਆਗੂਆਂ ਸੁਬਾਈ ਕਨਵੀਨਰ ਗੁਰਪ੍ਰੀਤ ਸਿੰਘ ਮੰਗਵਾਲ, ਅਵਤਾਰ ਸਿੰਘ ਗੰਢੂਆ ਸੰਗਰੂਰ ਦੀ ਅਗਵਾਈ ਹੇਠ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਮਲਕੀਤ ਸਿੰਘ, ਸੁਖਵਿੰਦਰ ਸਿੰਘ , ਅਵਤਾਰ ਸਿੰਘ, ਅਸ਼ੋਕ ਕੁਮਾਰ, ਨਵਦੀਪ ਕਾਠ ਆਦਿ ਨੇ ਗਣਤੰਤਰ ਦਿਵਸ ਮੌਕੇ ਮਾਨਸਾ ਵਿਖੇ ਪਹੁੰਚੇ ਕੈਬਨਿਟ ਮੰਤਰੀ ਰਵਜੋਤ ਸਿੰਘ ਨੂੰ ਸਿਹਤ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਇੱਕ ਯਾਦ ਪੱਤਰ ਸੌਂਪਿਆ। ਆਗੂਆਂ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਸਿਹਤ ਵਿਭਾਗ ਵਿੱਚ ਸੇਵਾਵਾਂ ਨਿਭਾ ਰਹੇ ਮਲਟੀਪਰਪਜ ਹੈਲਥ ਕਰਮਚਾਰੀਆਂ ਦੀਆ ਪਿਛਲੇ ਲੰਮੇ ਸਮੇਂ ਤੋਂ ਕਈ ਮੁੱਖ ਮੰਗਾ ਜਿਵੇਂ ਕਿ ਮਲਟੀਪਰਪਜ ਕੇਡਰ ਦਾ ਨਾਮ ਬਗੈਰ ਕਿਸੇ ਵਿੱਤੀ ਲਾਭ ਦੇ ਬਦਲਣ ਸਬੰਧੀ,ਸਤੰਬਰ 2021 ਤੋ ਰੋਕੇ ਭੱਤੇ ਬਹਾਲ ਕਰਨ ਸਬੰਧੀ, ਕੇਂਦਰੀ ਸਕੇਲ ਅਧੀਨ ਮੁਲਾਜ਼ਮਾਂ ਤੇ ਪੰਜਾਬ ਦੇ ਸਕੇਲ ਲਾਗੂ ਕਰਨ ਸਬੰਧੀ, ਬਰਾਬਰ ਕੰਮ ਬਰਾਬਰ ਤਨਖਾਹ ਮਾਨਯੋਗ ਹਾਈਕੋਰਟ ਦੇ ਫੈਸਲਿਆ ਮੁਤਾਬਕ ਪਟੀਸਨਰ ਤੇ ਲਾਗੂ ਕਰਨ, ਪਦਉਨਤੀਆ ਸਮਾਬੱਧ ਕਰਨ ਤੇ ਸੀਨੀਅਰਤਾ ਸੂਚੀਆਂ ਸੋਧਣ ਸਮੇਤ ਹੋਰ ਮੰਗਾਂ ਦਾ ਹੱਲ ਨਹੀ ਹੋ ਰਿਹਾ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਜਲਦੀ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਉਨਾ ਨੂੰ ਮਜਬੂਰਨ ਤਿੱਖੇ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਣਾ ਪਵੇਗਾ। ਇਸ ਮੋਕੇ ਹੋਰ ਆਗੂ ਸੁਖਪਾਲ ਸਿੰਘ, ਲਵਦੀਪ ਸਿੰਘ, ਅਮਰਜੀਤ ਸਿੰਘ, ਪ੍ਰਵੀਨ ਕੁਮਾਰ, ਗੁਰਿੰਦਰਜੀਤ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਰਾਹੁਲ ਕੁਮਾਰ, ਅਵਤਾਰ ਸਿੰਘ, ਜਗਸੀਰ ਸਿੰਘ, ਊਸ਼ਾ ਰਾਣੀ, ਹਰਜੀਤ ਕੌਰ, ਸੁਰਿੰਦਰ ਕੌਰ, ਰਸ਼ਪਾਲ ਕੌਰ, ਸੁਖਵਿੰਦਰ ਕੌਰ, ਰਾਜਵੀਰ ਕੌਰ ਆਦਿ ਵੀ ਹਾਜ਼ਰ ਸਨ।

# ਬਜ਼ੁਰਗ: ਪਰੰਪਰਾਵਾਂ ਦੇ ਸੱਚੇ ਰਖਵਾਲੇ

"ਵਿਆਹ ਸਮਾਗਮਾਂ ਦੌਰਾਨ ਬਜ਼ੁਰਗਾਂ ਦੀ ਮੌਜੂਦਗੀ ਸਿਰਫ਼ ਰਸਮਾਂ ਹੀ ਨਹੀਂ, ਸਗੋਂ ਸਾਡੇ ਸਭਿਆਚਾਰ ਅਤੇ ਸੰਸਕਾਰਾਂ ਨੂੰ ਵੀ ਜਿਉਂਦਾ ਰੱਖਦੀ ਹੈ।" ਹਾਲ ਹੀ ਵਿੱਚ ਭਾਣਜੀ ਦੀ ਮੈਰਿਜ ਦੇ ਦੌਰਾਨ ਘਰ ਦੀ ਐਂਟਰੀ ‘ਤੇ ਬੈਠੇ ਬਜ਼ੁਰਗਾਂ ਨੂੰ ਦੇਖ ਕੇ ਮਨ ਵਿੱਚ ਇੱਕ ਸੋਹਣਾ ਖਿਆਲ ਆਇਆ। ਅਸੀਂ ਅਕਸਰ ਕਹਿ ਦਿੰਦੇ ਹਾਂ ਕਿ ਬੱਚੇ ਘਰ ਦੀਆਂ ਰੌਣਕਾਂ ਹੁੰਦੇ ਹਨ, ਪਰ ਅਸਲ ਵਿੱਚ ਘਰ ਦੀ ਸੱਚੀ ਰੌਣਕ ਬਜ਼ੁਰਗ ਵੀ ਹੁੰਦੇ ਹਨ। ਬੱਚੇ ਖੁਸ਼ੀ ਲਿਆਉਂਦੇ ਹਨ, ਪਰ ਬਜ਼ੁਰਗ ਉਸ ਖੁਸ਼ੀ ਨੂੰ ਸਹੀ ਰਾਹ ਦਿਖਾਉਂਦੇ ਹਨ। ਵਿਆਹ ਵਰਗੇ ਸਮਾਗਮਾਂ ਵਿੱਚ ਬਜ਼ੁਰਗਾਂ ਦੀ ਹਾਜ਼ਰੀ ਘਰ ਨੂੰ ਇੱਕ ਅਲੱਗ ਹੀ ਸਕੂਨ ਅਤੇ ਸ਼ਾਨ ਦਿੰਦੀ ਹੈ। ਉਹਨਾਂ ਦੇ ਤਜਰਬੇ ਨਾਲ ਦਿੱਤੀਆਂ ਸਲਾਹਾਂ ਕਾਰਨ ਹਰ ਕੰਮ ਸੌਖੇ ਤੇ ਢੰਗ ਨਾਲ ਨਿਭ ਜਾਂਦਾ ਹੈ। ਕਿਹੜੀ ਰਸਮ ਕਦੋਂ ਕਰਨੀ ਹੈ ਅਤੇ ਕਿਵੇਂ ਕਰਨੀ ਹੈ, ਇਹ ਸਭ ਕੁਝ ਬਜ਼ੁਰਗਾਂ ਦੀ ਰਹਿਨੁਮਾਈ ਨਾਲ ਹੀ ਠੀਕ ਤਰ੍ਹਾਂ ਹੋ ਪਾਉਂਦਾ ਹੈ। ਅੱਜ ਦੀ ਦੌੜ-ਭੱਜ ਵਾਲੀ ਜ਼ਿੰਦਗੀ ਵਿੱਚ ਅਸੀਂ ਅਕਸਰ ਪੁਰਾਣੀਆਂ ਰੀਤਾਂ ਅਤੇ ਰਿਵਾਜਾਂ ਨੂੰ ਭੁੱਲਦੇ ਜਾ ਰਹੇ ਹਾਂ। ਨਵੀਂ



ਪੀੜ੍ਹੀ ਨੂੰ ਕਈ ਵਾਰ ਇਹ ਸਭ ਬੇਮਤਲਬ ਹੀ ਲੱਗਦਾ ਹੈ, ਪਰ ਬਜ਼ੁਰਗਾਂ ਨੇ ਹੀ ਇਹ ਰਿਵਾਜ ਸੰਭਾਲ ਕੇ ਰੱਖੇ ਹੋਏ ਹਨ। ਉਹ ਸਾਨੂੰ ਦੱਸਦੇ ਹਨ ਕਿ ਸਾਡੇ ਵੱਡੇ ਕਿਵੇਂ ਜੀਵਨ ਜਿਉਂਦੇ ਸਨ ਅਤੇ ਰਸਮਾਂ ਦਾ ਕੀ ਅਰਥ ਹੈ। ਲੋੜ ਹੈ ਕਿ ਅਸੀਂ ਬਜ਼ੁਰਗਾਂ ਦੀ ਕਦਰ ਕਰੀਏ, ਉਹਨਾਂ ਦੀ ਗੱਲ ਧਿਆਨ ਨਾਲ ਸੁਣੀਏ ਅਤੇ ਉਹਨਾਂ ਨੂੰ ਘਰ ਦੀ ਅਸਲੀ ਰੌਣਕ ਮੰਨ ਕੇ ਸਨਮਾਨ ਦੇਈਏ। ਕਿਉਂਕਿ ਜਿੱਥੇ ਬਜ਼ੁਰਗ ਹੁੰਦੇ ਹਨ, ਉਸ ਘਰ ਵਿਚ ਕਾਰਜ ਕੁਸ਼ਲਤਾ ਨਾਲ ਸੰਪੂਰਨ ਹੁੰਦੇ ਹਨ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**ਮੋਬਾ: 8427791277**

# ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਗੜ੍ਹੀ ਅਜੀਤ ਸਿੰਘ ਯੂਨਿਟ ਨੇ ਗਣਤੰਤਰ ਦਿਵਸ ਮਨਾਇਆ

**ਬੰਗਾ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਬਹੁਜਨ ਸਮਾਜ ਪਾਰਟੀ ਯੂਨਿਟ ਪਿੰਡ ਗੜ੍ਹੀ ਅਜੀਤ ਸਿੰਘ 26 ਜਨਵਰੀ 2025 ਦਿਨ ਐਤਵਾਰ ਨੂੰ ਸੰਵਿਧਾਨ ਦਿਵਸ ਮਨਾਇਆ ਗਿਆ ਇਸ ਮੌਕੇ ਮਿਸ਼ਨਰੀ ਰੂਪ ਲਾਲ ਧੀਰ ਜੀ,ਤੁਹਾਡੇ ਆਪਣੇ ਗਾਇਕ ਰਾਜ ਦਦਰਾਲ,ਪ੍ਰਧਾਨ ਡਾ.ਜੋਗਾ ਸਿੰਘ ਧੀਰ,ਪ੍ਰਧਾਨ ਗੋਬਿੰਦ ਸਿੰਘ ਧੀਰ,ਰੇਸ਼ਮ ਲਾਲ ਧੀਰ,ਪ੍ਰੇਮ ਦਦਰਾਲ ਸਪੇਨ ਵੱਲੋਂ ਸਮਾਜ ਅੰਦਰ ਵਿਰੋਧੀਆਂ ਵਲੋਂ ਆਪਣੇ ਸੋਰੇ ਹਿੱਤਾਂ ਦੀ ਪੂਰਤੀ ਲਈ ਫੈਲਾਈ ਜਾ ਰਹੀ ਗਲਤ ਫਹਿਮੀ ਨੂੰ ਖ਼ਤਮ ਕਰਨ ਲਈ ਚੇਤਨਤਾ ਪੈਦਾ ਕਰਨ ਲਈ ਅਤੇ ਗੁੰਮਰਾਹ ਕਰਨ ਵਾਲੀਆਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਵਿਚਾਰ ਪੇਸ਼ ਕੀਤੇ ਗਏ ਬਹੁਜਨ ਰਹਿਬਰਾਂ ਦਾ ਕਾਰਵਾਂ ਅੱਗੇ ਜਾਣ ਤੋਂ ਰੁਕਣ ਦੀ ਬਜਾਏ ਸਹੀ ਦਿਸ਼ਾ ਅਤੇ ਸਹੀ ਗਤੀ ਵਿਚ ਹੋਰ ਤੇਜੀ ਨਾਲ ਅੱਗੇ ਚੱਲਦਾ ਰੱਖਣ ਲਈ ਪ੍ਰਣ ਕੀਤਾ ਗਿਆ ਇਸ ਮੌਕੇ ਹਾਜ਼ਰ ਸਨ ਸਾਬਕਾ ਪੰਚ ਬਲਵੀਰ ਸਿੰਘ ਦਦਰਾਲ,ਡਾ.ਅੰਬੇਡਕਰ ਵੈਲਫੇਅਰ ਸੁਸਇਟੀ ਦੇ ਪ੍ਰਧਾਨ ਸਤਨਾਮ ਧੀਰ,ਮੇਜਰ ਰਾਮ ਧੀਰ,ਕਸ਼ਮੀਰ ਸਿੰਘ ਦਦਰਾਲ,ਲਾਡੀ ਧੀਰ,ਝਲਮਣ ਧੀਰ,ਰੂਪ ਲਾਲ,ਗੁਰਨਾਮ ਦਦਰਾਲ,ਚਮਨ ਲਾਲ ਧੀਰ,ਸੰਦੀਪ ਧੀਰ,ਮੀਤਾ ਚੌਟ,ਗੱਗੀ ਚੌਟ ਜੀ ਹਾਜ਼ਰ ਸਨ।



# ਚਾਹੋ ਤਾਂ...ਖ਼ੂਨੀ ਡੋਰ ਦੇ ਗੁਨਾਹਗਾਰ ਫੜਨੇ ਔਖੇ ਨਹੀਂ

ਕਿਸੇ ਜ਼ਮਾਨੇ ਵਿੱਚ ਬਸੰਤ ਪੰਚਮੀ ਦੇ ਤਿਉਹਾਰ ਦੀ ਖੁਸ਼ੀ ਦਾ ਪ੍ਰਤੀਕ ਪਤੰਗਬਾਜ਼ੀ, ਅੱਜ ਦੇ ਦੌਰ ਦਾ ਖ਼ੂਨੀ ਸ਼ੌਕ ਬਣ ਜਾਵੇਗਾ,ਕਦੇ ਕਿਸੇ ਨੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਸੀ। ਪਹਿਲਾਂ ਆਮ ਹੀ ਸੜਕਾਂ ਦੁਆਲੇ ਖ਼ਾਲੀ ਜਗ੍ਹਾਵਾਂ ਤੇ ਡੋਰ ਤਿਆਰ ਕਰਨ ਵਾਲੇ ਮਾਂਝਾ ਲਗਾਉਂਦੇ ਵੇਖੇ ਜਾ ਸਕਦੇ ਸਨ। ਉਹਨਾਂ ਉੱਤੇ ਕਿਸੇ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਹੁੰਦੀ ਸੀ ਕਿਉਂਕਿ ਉਹ ਸੂਤ ਦੇ ਧਾਗੇ ਦੀ ਡੋਰ ਨੂੰ ਪੱਕਾ ਕਰ ਰਹੇ ਹੁੰਦੇ ਸਨ, ਜੋ ਨਾ ਤਾਂ ਕੋਈ ਕਾਨੂੰਨੀ ਅਪਰਾਧ ਸੀ ਤੇ ਨਾ ਹੀ ਉਸ ਤੋਂ ਕਿਸੇ ਦੀ ਜਾਨ ਨੂੰ ਕੋਈ ਖ਼ਤਰਾ ਹੁੰਦਾ ਸੀ। ਅੱਜਕਲ੍ਹ ਖੁੱਲ੍ਹੇ ਵਿੱਚ ਕਿਤੇ ਡੋਰ ਤਿਆਰ ਹੁੰਦੀ ਵੇਖੀ ਨਹੀਂ ਜਾਂਦੀ ਪਰ ਡੋਰਾਂ ਵਿਕਦੀਆਂ ਧੜੱਲੇ ਨਾ਼ਲ ਹਨ। ਅੱਜ ਜਿਹੜੀ ਡੋਰ ਨਾਲ ਪਤੰਗਬਾਜ਼ੀ ਕੀਤੀ ਜਾ ਰਹੀ ਹੈ ਉਹ ਇੱਕ ਕਾਤਲ ਡੋਰ ਹੈ ਜੋ ਪਤਾ ਨਹੀਂ ਕਿੰਨੇ ਕੁ ਘਰ ਉਜਾੜ ਰਹੀ ਹੈ। ਕਿਸੇ ਦੇ ਜਵਾਨ ਪੁੱਤ ਦੀ ਮੌਤ, ਕਿਸੇ ਮਾਸੂਮ ਦੀ ਮਾਂ ਦੀ ਮੌਤ,ਕਿਸੇ ਦੇ ਘਰ ਵਿੱਚ ਇੱਕੋ ਇੱਕ ਕਮਾਊ ਵਿਅਕਤੀ ਦੀ ਮੌਤ ਅਤੇ ਹੋਰ ਅਨੇਕਾਂ ਇਸ ਤਰ੍ਹਾਂ ਦੀਆਂ ਖ਼ਬਰਾਂ ਦਿਲ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ। ਜਦ ਕੋਈ ਖ਼ੂਨੀ ਡੋਰ ਨਾਲ ਹਾਦਸਾ ਵਾਪਰਦਾ ਹੈ ਤਾਂ ਪ੍ਰਸ਼ਾਸਨ ਦੀ ਜਾਗ ਖੁੱਲ੍ਹਦੀ ਹੈ। ਫਿਰ ਦੁਕਾਨਾਂ ਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਖ਼ੂਨੀ ਡੋਰ ਵੇਚਣ ਵਾਲੇ ਦੁਕਾਨਦਾਰ ਕਿਸੇ ਨਸ਼ਾ ਤਸਕਰ ਤੋਂ ਘੱਟ ਨਹੀਂ ਹਨ। ਉਹ ਵੀ ਦਿਖਾਉਣ ਲਈ ਸਾਹਮਣੇ ਸੂਤੀ ਡੋਰ ਰੱਖਦੇ ਹਨ ਪਰ ਅੰਦਰਖਾਤੇ ਖ਼ੂਨੀ ਡੋਰ ਵੇਚਦੇ ਹਨ। ਛਾਪੇਮਾਰੀ ਦੌਰਾਨ ਦੁਕਾਨਦਾਰਾਂ ਕੋ਼ਲੋਂ ਕੁਝ ਨਹੀਂ ਨਿਕ਼ਲਦਾ ਜਾਂ ਕੋਈ ਥੋੜ੍ਹਾ ਬਹੁਤ ਕਿਸੇ ਕੋ਼ਲੋਂ ਨਿਕ਼ਲ ਵੀ ਆਵੇ ਤਾਂ ਉਸ ਤੇ ਕੇਸ ਦਰਜ ਨਹੀਂ ਕੀਤਾ ਜਾਂਦਾ,ਜੇ ਕੇਸ ਦਰਜ ਹੋ ਜਾਵੇ ਤਾਂ ਛੇਤੀ ਹੀ ਜ਼ਮਾਨਤ ਮਿਲ ਜਾਂਦੀ ਹੈ ਕਿਉਂਕਿ ਇਸ ਸਬੰਧੀ ਕੋਈ ਠੋਸ ਕਾਨੂੰਨ ਨਹੀਂ ਬਣਾਇਆ ਗਿਆ ਹੈ। ਪੁੱਛੋ ਉਨ੍ਹਾਂ ਲੋਕਾਂ ਤੋਂ ਜਿਹਨਾਂ ਦੇ ਘਰਾਂ ਵਿੱਚ ਇਸ ਡੋਰ ਕਾਰਨ ਸੱਥਰ ਵਿਛੇ ਹਨ। ਉਨ੍ਹਾਂ ਲਈ ਤਾਂ ਚਿੱਟਾ ਜਾਂ ਗੈਂਗਸਟਰਾਂ ਦੀਆਂ ਗੋਲੀਆਂ ਜਾਂ ਖ਼ੂਨੀ ਡੋਰ ਇੱਕ ਬਰਾਬਰ ਦਾ ਅਪਰਾਧ ਹੈ। ਪਰ ਸਾਡੇ ਪ੍ਰਸ਼ਾਸਨ ਦੀ ਇਸ ਸਬੰਧੀ ਜਾਗ ਕਦ ਖੁੱਲ੍ਹੇਗੀ ?

ਪਤੰਗਬਾਜ਼ੀ ਕੋਈ ਚਾਰਦੀਵਾਰੀ ਅੰਦਰ ਤਾਂ ਕੀਤੀ ਨਹੀਂ ਜਾ ਸਕਦੀ। ਕੀ ਡੋਰਾਂ ਵੇਚਣ ਵਾਲਿਆਂ ਤੇ ਹੀ ਨਕੇਲ ਕੱਸਣ ਦੀ ਲੋੜ ਹੈ? ਬਿਲਕੁਲ ਨਹੀਂ, ਹੁਣ ਪਤੰਗ ਉਡਾਉਣ ਵਾਲਿਆਂ ਤੇ ਨਕੇਲ ਕੱਸਣ ਦੀ ਜ਼ਿਆਦਾ ਲੋੜ ਹੈ। ਮੇਰੇ ਘਰ ਦੀ ਛੱਤ ਉੱਪਰ ਜਿੰਨੇ ਵੀ ਕੱਟੇ ਹੋਏ ਪਤੰਗ ਆ ਕੇ ਡਿੱਗਦੇ ਹਨ ਉਹ ਚਾਈਨਾ ਡੋਰ ਨਾਲ ਉਡਾਏ ਹੋਏ ਪਤੰਗ ਹੁੰਦੇ ਹਨ। ਨਵੰਬਰ ਦਿਸੰਬਰ ਤੋਂ ਚਾਈਨਾ ਡੋਰ ਨਾਲ ਪਤੰਗ ਉਡਾਉਣ ਵਾਲੇ ਆਤੰਕੀਆਂ ਦਾ ਆਤੰਕ ਸ਼ੁਰੂ ਹੋ ਜਾਂਦਾ ਹੈ, ਅਪ੍ਰੈਲ ਮਈ ਤੱਕ ਜਾਰੀ ਰਹਿੰਦਾ ਹੈ। ਲੋਹੜੀ ਵਾਲੇ ਦਿਨ ਸਵੇਰੇ ਛੇ ਵਜੇ ਤੋਂ ਦੂਜੀਆਂ ਤੀਜੀਆਂ ਮੰਜ਼ਲਾਂ ਤੇ ਉੱਚੀ ਆਵਾਜ਼ ਵਿੱਚ ਡੈੱਕ ਲਗਾ ਕੇ ਚਾਈਨਾ ਡੋਰ ਵਾਲੇ ਆਤੰਕੀ ਆਪਣਾ ਆਤੰਕ ਸ਼ੁਰੂ ਕਰ ਦਿੰਦੇ ਹਨ ਤੇ ਸ਼ਾਮ ਛੇ ਸੱਤ ਵਜੇ ਤੱਕ ਚੱਲਦਾ ਰਹਿੰਦਾ ਹੈ। ਜੇ ਮੈਂ ਲੁਧਿਆਣੇ ਦੀ ਗੱਲ ਕਰਾਂ ਤਾਂ ਸ਼ਹਿਰੀ ਇਲਾਕਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਘਰਾਂ ਦੀਆਂ ਛੱਤਾਂ ਉੱਤੇ ਹੁੱਲੜਬਾਜ਼ੀ ਅਤੇ ਖ਼ੂਨੀ ਡੋਰ ਨਾਲ ਪਤੰਗਬਾਜ਼ੀ ਕਰਦੇ ਵੇਖੇ ਜਾ ਸਕਦੇ ਹਨ ਪਰ ਪ੍ਰਸ਼ਾਸਨ ਨੂੰ ਨਾ ਤਾਂ ਡੈੱਕਾਂ ਦੀਆਂ ਉੱਚੀਆਂ ਅਵਾਜ਼ਾਂ ਸੁਣਦੀਆਂ ਹਨ ਤੇ ਨਾ ਹੀ ਪਤੰਗ ਚੜ੍ਹਦੇ ਦਿਸਦੇ ਹਨ। ਕਿਸੇ ਵੱਲੋਂ ਵੀ ਪਤੰਗ ਉਡਾਉਣ ਵਾਲਿਆਂ ਤੇ ਨਾ ਤਾਂ ਛਾਪੇਮਾਰੀ ਕੀਤੀ ਜਾਂਦੀ ਹੈ ਤੇ ਨਾਂ ਹੀ ਕਿਸੇ ਨੂੰ ਕੋਈ ਹਦਾਇਤ ਜਾਰੀ ਕੀਤੀ ਜਾਂਦੀ ਹੈ।ਜੇ ਹਰੇਕ ਮੁਹੱਲਿਆਂ , ਪਿੰਡਾਂ ਸ਼ਹਿਰਾਂ ਦੇ ਸਬੰਧਤ ਥਾਣਿਆਂ ਵੱਲੋਂ ਵਾਰ ਵਾਰ ਮੁਨਾਦੀ ਕਰਵਾ ਕੇ ਖ਼ੂਨੀ ਡੋਰ ਨਾਲ ਪਤੰਗ ਉਡਾਉਣ ਵਾਲੇ ਲੋਕਾਂ ਨੂੰ ਉਲੰਘਣਾ ਕਰਨ ਤੇ ਭਿਆਨਕ ਨਤੀਜੇ ਭੁਗਤਣ ਬਾਰੇ ਸੁਚੇਤ ਕੀਤਾ ਜਾਵੇ ਤਾਂ ਅੱਧੇ ਲੋਕ ਡਰ ਨਾਲ ਹੀ ਇਹ ਅਪਰਾਧ ਨਹੀਂ ਕਰਨਗੇ। ਮੁਹੱਲਿਆਂ ਅਤੇ ਪਿੰਡਾਂ ਵਿੱਚ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਤੇ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਸਖ਼ਤ ਤਾੜਨਾ ਕੀਤੀ ਜਾਵੇ। ਮੁਹੱਲਿਆਂ ਅਤੇ ਪਿੰਡਾਂ ਦੇ ਪ੍ਰਧਾਨਾਂ ਨੂੰ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਕੇ ਆਪਣੇ ਆਪਣੇ ਇਲਾਕੇ ਨੂੰ ਸੁਰੱਖਿਅਤ ਰੱਖਣ ਬਾਰੇ ਕਿਹਾ ਜਾਵੇ। ਪਤੰਗਬਾਜ਼ੀ ਕਰਦਿਆਂ ਦੌਰਾਨ ਜੇ ਛੱਤਾਂ ਤੇ ਜਾ ਕੇ ਅਚਨਚੇਤ ਛਾਪੇਮਾਰੀ ਕੀਤੀ ਜਾਵੇ ਤਾਂ ਅਰਾਮ ਨਾਲ ਠੱਲ੍ਹ ਪੈ ਜਾਵੇਗੀ। ਜਦ ਕੋਈ ਖਰੀਦਦਾਰ ਹੀ ਨਹੀਂ ਰਹੇਗਾ ਤਾਂ ਦੁਕਾਨਦਾਰ ਵੇਚਣ ਲਈ ਵੀ ਨਹੀਂ ਲਿਆਉਣਗੇ। ਦੁਕਾਨਾਂ ਤੇ ਛਾਪੇਮਾਰੀ ਕਰਨ ਨਾਲ ਇਸ ਨੂੰ ਨੱਥ ਨਹੀਂ ਪਾਈ ਜਾ ਸਕਦੀ। ਸਰਕਾਰ ਵੱਲੋਂ ਸਖ਼ਤ ਨੋਟਿਸ ਜਾਰੀ ਕਰਕੇ ਚਾਈਨਾ ਡੋਰ ਨਾ਼ਲ ਪਤੰਗ ਉਡਾਉਣ ਵਾਲਿਆਂ ਨੂੰ ਖੜ੍ਹੇ ਪੈਰ ਮੋਟੀ ਰਕਮ ਦਾ ਜੁਰਮਾਨਾ ਭਰਨ ਦੀ ਘੋਸ਼ਣਾ ਕਰਨੀ ਚਾਹੀਦੀ ਹੈ। ਜੇ ਐਨੀਆਂ ਕੁ ਗੱਲਾਂ ਤੇ ਸਾਡਾ ਪ੍ਰਸ਼ਾਸਨ ਸਖ਼ਤ ਹੋ ਜਾਵੇ ਤਾਂ ਖ਼ੂਨੀ ਡੋਰ ਨਾਲ ਪਤੰਗ ਉਡਾਉਣ ਵਾਲਿਆਂ ਦਾ ਆਤੰਕ ਖਤਮ ਹੋਣ ਵਿੱਚ ਬਹੁਤੀ ਦੇਰ ਨਹੀਂ ਲੱਗੇਗੀ। ਬਾਹਰਲੇ ਮੁਲਕਾਂ ਵਾਂਗ ਸਰਕਾਰ ਵੱਲੋਂ ਸਿਰਫ਼ ਤਿਉਹਾਰ ਵਾ਼ਲੇ ਦਿਨ ਨਿਸ਼ਚਿਤ ਸਥਾਨ ਤੇ ਹੀ ਪਤੰਗਬਾਜ਼ੀ ਕਰਨ ਦੀ ਇਜ਼ਾਜਤ ਹੋਣੀ ਚਾਹੀਦੀ ਹੈ ਤਾਂ ਜੋ ਅੱਗੋਂ ਪਿੱਛੋਂ ਕੋਈ ਵੀ ਆਪਣੇ ਘਰਾਂ ਦੀਆਂ ਛੱਤਾਂ ਤੇ ਪਤੰਗਬਾਜ਼ੀ ਨਾ ਕਰੇ। ਸਾਡੇ ਪੰਜਾਬ ਵਿੱਚ ਜਿੱਥੇ ਨਸ਼ਿਆਂ ਕਾਰਨ ਮੌਤਾਂ ਹੋ ਰਹੀਆਂ ਹਨ, ਗੈਂਗਸਟਰਾਂ ਦੀਆਂ ਗੋਲੀਆਂ ਕਾਰਨ ਬੇਕਸੂਰ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਜਾਂਦੇ ਹਨ , ਲੁੱਟਾਂ ਖੋਹਾਂ ਕਾਰਨ ਬੇਕਸੂਰ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਜਾਂਦੇ ਹਨ,ਉੱਥੇ ਹੀ ਖ਼ੂਨੀ ਡੋਰ ਨਾਲ ਵੀ ਬੇਕਸੂਰ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ। ਖ਼ੂਨੀ ਡੋਰ ਨਾਲ ਪਤੰਗ ਉਡਾਉਣ ਵਾਲੇ ਵੀ ਨਸ਼ਾ ਤਸਕਰਾਂ ਜਾਂ ਗੈਂਗਸਟਰਾਂ ਜਾਂ ਲੁੱਟਾਂ ਖੋਹਾਂ ਕਰਨ ਵਾਲੇ ਕਾਤਲਾਂ ਦੇ ਬਰਾਬਰ ਦੇ ਗੁਨਾਹਗਾਰ ਹਨ ਇਸ ਲਈ ਪ੍ਰਸ਼ਾਸਨ ਨੂੰ ਡੋਰਾਂ ਵੇਚਣ ਵਾਲਿਆਂ ਤੋਂ ਪਹਿਲਾਂ ਛੱਤਾਂ ਉੱਤੇ ਚੜ੍ਹ ਕੇ ਸ਼ਰੇਆਮ ਪਤੰਗ ਚੜ੍ਹਾਉਣ ਵਾਲਿਆਂ ਤੇ ਸਖ਼ਤ ਕਾਰਵਾਈ ਕਰਨੀ ਪਵੇਗੀ ਨਹੀਂ ਤਾਂ ਹਰੇਕ ਸਾਲ ਪਤਾ ਨਹੀਂ ਕਿੰਨੇ ਕੁ ਬੇਕਸੂਰ ਲੋਕਾਂ, ਪਸ਼ੂਆਂ ਅਤੇ ਪੰਛੀਆਂ ਨੂੰ ਆਪਣੀ ਜਾਨ ਇਸ ਖ਼ੂਨੀ ਡੋਰ ਦੀ ਭੇਂਟ ਚੜ੍ਹਾਉਣੀ ਪੈ ਸਕਦੀ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

## ਦੋ ਮੂੰਹੇ ਸੱਪ

ਇਸ ਦੁਨੀਆਂ ਨੇ ਤਾਂ ਕਈ ਚੇਹਰੇ ਰੱਖੇ ਨੇ,
ਮੂੰਹ ਉਪਰ ਰੱਖਣ ਹਾਸੇ ਦਿਲ ਦੇ ਮੰਦੇ ਨੇ,
ਪੈਰ ਸੋਚ ਕੇ ਰੱਖੀਂ, ਮੇਰੇ ਕਈ ਕੰਡੇ ਚੁੱਭੇ ਨੇ,

ਦਿੰਦੇ ਨੇ ਦਿਲਾਸੇ ਉਪਰੋ ਉਪਰੋ ਸਾਰੇ ਇਹ,
ਮਾੜਾ ਸਮਾਂ ਪੈਣ ਤੇ ਵੱਟ ਲੈਂਦੇ ਪਾਸੇ ਇਹ ਨੇ,
ਪੈਰ ਸੋਚ ਕੇ ਰੱਖੀਂ, ਮੇਰੇ ਕਈ ਕੰਡੇ ਚੁੱਭੇ ਨੇ,

ਤੈਰ ਕੇ ਸੱਜਣਾ ਪਾਰ ਲੱਗ ਜਾਂਦੇ ਨੇ ਇਹ,
ਨਹੀਂ ਦੇਖਦੇ ਇਹ ਨਾਲਦੇ ਕਿੰਨੇ ਡੁੱਬੇ ਨੇ,
ਪੈਰ ਸੋਚ ਕੇ ਰੱਖੀਂ,ਮੇਰੇ ਕਈ ਕੰਡੇ ਚੁੱਭੇ ਨੇ,

ਨਾਲ ਹੋਂਸਲੇ ਤੁਰਨਾ ਪੈਂਦਾ ਆ ਸੱਜਣਾ,
ਖੋਰੇ ਦਿਲ ਚ ਰੱਖੇ ਕਿੰਨੇ ਭੇਤ ਗੁੱਝੇ ਨੇ,
ਪੈਰ ਸੋਚ ਕੇ ਰੱਖੀਂ,ਮੇਰੇ ਕਈ ਕੰਡੇ ਚੁੱਭੇ ਨੇ,

ਖੋਰੇ ਪਿੰਦੂ ਇਹ ਕਿਹੜੇ ਹੋਰ ਰੰਗ ਰੰਗੇ ਨੇ,
ਦੋ ਮੂੰਹੇ ਸੱਪ ਰਾਹੋਂ ਵਾਲੇ ਤੋਂ ਦੂਰ ਹੀ ਚੰਗੇਂ ਨੇ,
ਪੈਰ ਸੋਚ ਕੇ ਰੱਖੀਂ,ਮੇਰੇ ਕਈ ਕੰਡੇ ਚੁੱਭੇ ਨੇ,

**ਪਿੰਦੂ ਰਾਹੋਂ (ਨਵਾਂ ਸ਼ਹਿਰ)**
**+917710556211**

## ਸੇਵਾ, ਸਮਰਪਣ ਅਤੇ ਮਨੁੱਖਤਾ ਦੀ ਉੱਤਮ ਮਿਸਾਲ ਪੇਸ਼ ਕਰਦਿਆਂ ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਵੱਲੋਂ ਇਕ ਹੋਰ ਲਾਵਾਰਸ ਮਰੀਜ਼ ਨੂੰ ਨਵੀਂ ਜ਼ਿੰਦਗੀ ਅਤੇ ਆਪਣੇ ਪਰਿਵਾਰ ਨਾਲ ਮੁੜ ਮਿਲਾਪ ਕਰਵਾਇਆ ਗਿਆ

ਮਿਤੀ 16 ਨਵੰਬਰ 2025 ਨੂੰ ਦਇਆ ਰਾਮ (ਉਮਰ 45 ਸਾਲ) ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਹਸਪਤਾਲ ਦੇ ਬਾਹਰ ਲਾਵਾਰਸ ਅਵਸਥਾ ਵਿੱਚ ਪਿਆ ਹੋਇਆ ਮਿਲਿਆ। ਮਰੀਜ਼ ਦੀ ਹਾਲਤ ਬਹੁਤ ਗੰਭੀਰ ਸੀ ਅਤੇ ਉਹ ਆਪਣੇ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਅਸਮਰੱਥ ਸੀ। ਮਨੁੱਖੀ ਸੇਵਾ ਦੇ ਭਾਵ ਨਾਲ ਥਾਣਾ ਮਜੀਠਾ ਰੋਡ ਦੀ ਚੌਕੀ ਇੰਚਰਾਜ ਵੱਲੋਂ ਮਰੀਜ਼ ਨੂੰ ਤੁਰੰਤ ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਵਿੱਚ ਦਾਖਲ ਕਰਵਾਇਆ ਗਿਆ। ਪਿੰਗਲਵਾੜਾ ਸੰਸਥਾ ਵਿੱਚ ਦਾਖਲ ਸਮੇਂ ਮਰੀਜ਼ ਤੁਰਨ-ਫਿਰਨ ਤੋਂ ਪੂਰੀ ਤਰ੍ਹਾਂ ਅਸਮਰੱਥ ਸੀ। ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਸੰਸਥਾ ਵੱਲੋਂ ਬਿਨਾਂ ਕਿਸੇ ਦੇਰੀ ਦੇ ਉਸਨੂੰ ਇਲਾਜ ਲਈ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਭੇਜਿਆ ਗਿਆ। ਮੈਡੀਕਲ ਜਾਂਚ ਦੌਰਾਨ ਪਤਾ ਲੱਗਿਆ ਕਿ ਮਰੀਜ਼ ਦੀਆਂ ਦੋਵੇਂ ਲੱਤਾਂ ਬੁਰੀ ਤਰ੍ਹਾਂ ਟੁੱਟੀਆਂ ਹੋਈਆਂ ਹਨ। ਮਰੀਜ਼ ਦਾ ਆਪਰੇਸ਼ਨ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਸਥਿਤ ਭਗਤ ਪੂਰਨ ਸਿੰਘ ਵਾਰਡ ਵਿੱਚ ਸਫਲਤਾਪੂਰਵਕ ਕੀਤਾ ਗਿਆ, ਜਿੱਥੇ ਉਸਨੂੰ ਪੂਰੀ ਮੈਡੀਕਲ ਦੇਖਭਾਲ ਪ੍ਰਦਾਨ ਕੀਤੀ ਗਈ। ਲੰਬੇ ਇਲਾਜ, ਸੇਵਾ ਅਤੇ ਪੁਨਰਵਾਸ ਪ੍ਰਕਿਰਿਆ ਤੋਂ ਬਾਅਦ ਜਦੋਂ ਮਰੀਜ਼ ਦੀ ਸਿਹਤ ਵਿੱਚ ਸੁਧਾਰ ਆਇਆ ਤਾਂ ਉਸ ਨੇ ਦੱਸਿਆ ਕਿ ਉਹ ਜਾਨਕੀ, ਸੁਬਰਨ-ਪੁਰ, ਕੈਲਾਲੀ (ਨੇਪਾਲ) ਦਾ ਰਹਿਣ ਵਾਲਾ ਹੈ। ਮਰੀਜ਼ ਨੇ ਦੱਸਿਆ ਕਿ ਉਹ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਇਕ ਗਿਰਜਾਘਰ ਵਿੱਚ ਕੰਮ ਦੇ ਸਿਲਸਿਲੇ ਨਾਲ ਆਇਆ ਸੀ ਅਤੇ ਨੇਪਾਲ ਵਾਪਸੀ ਲਈ ਅੰਮ੍ਰਿਤਸਰ ਬੱਸ ਅੱਡੇ ’ਤੇ ਪਹੁੰਚਿਆ, ਪਰ ਉਸ ਤੋਂ ਬਾਅਦ ਉਸਨੂੰ ਕੁਝ ਵੀ ਯਾਦ ਨਹੀਂ। ਇਸ ਦੌਰਾਨ ਉਸ ਦਾ ਸਾਰਾ ਸਮਾਨ, ਪਛਾਣ ਪੱਤਰ ਅਤੇ ਪੈਸਾ ਵੀ ਚੋਰੀ ਹੋ ਗਿਆ ਸੀ। ਮਰੀਜ਼ ਵੱਲੋਂ ਦਿੱਤੇ ਗਏ ਘਰ ਦੇ ਮੋਬਾਇਲ ਨੰਬਰ ਦੇ ਆਧਾਰ ’ਤੇ ਪਿੰਗਲਵਾੜਾ ਸੰਸਥਾ ਦੇ ਕਰਮਚਾਰੀਆਂ ਵੱਲੋਂ ਵੀਡੀਓ ਕਾਲ ਰਾਹੀਂ ਉਸਦੇ ਪਰਿਵਾਰ ਨਾਲ ਸੰਪਰਕ ਕੀਤਾ ਗਿਆ ਅਤੇ ਪੂਰੀ ਤਰ੍ਹਾਂ ਪਹਿਚਾਣ ਦੀ ਪੁਸ਼ਟੀ ਕੀਤੀ ਗਈ। ਇਸ ਮੌਕੇ ਪਰਿਵਾਰਕ ਮੈਂਬਰਾਂ ਦੀਆਂ ਅੱਖਾਂ ਵਿੱਚ ਖੁਸ਼ੀ ਅਤੇ ਭਰੋਸੇ ਦੇ ਹੰਝੂ ਸਾਫ਼ ਨਜ਼ਰ ਆ ਰਹੇ ਸਨ। ਅੱਜ ਮਿਤੀ 28 ਜਨਵਰੀ 2026 ਨੂੰ ਮਰੀਜ਼ ਦੀ ਪਤਨੀ ਗੌਰੀ ਦੇਵੀ, ਉਸਦਾ ਭਰਾ ਪ੍ਰਭੂ ਥਾਰੂ ਅਤੇ ਭੈਣ ਸ੍ਰੀ ਰਾਣੀ ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਵਿੱਚ ਪਹੁੰਚੇ ਅਤੇ ਸੰਸਥਾ ਦਾ ਧੰਨਵਾਦ ਕਰਦੇ ਹੋਏ ਮਰੀਜ਼ ਨੂੰ ਆਪਣੇ ਨਾਲ ਲੈ ਗਏ। ਇਸ ਮੌਕੇ ਪਿੰਗਲਵਾੜਾ ਸੰਸਥਾ ਦੀ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਲਗਭਗ 200 ਤੋਂ ਵੱਧ ਲਾਵਾਰਸ, ਬੇਸਹਾਰਾ ਅਤੇ ਅਸਹਾਇ ਮਰੀਜ਼ਾਂ ਨੂੰ ਇਲਾਜ, ਆਸਰਾ ਅਤੇ ਪਿਆਰ ਭਰੀ ਸੇਵਾ ਪ੍ਰਦਾਨ ਕਰਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਵੱਖ-ਵੱਖ ਰਾਜਾਂ ਅਤੇ ਦੇਸ਼ਾਂ ਵਿੱਚ ਮੁੜ ਵਸਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿੰਗਲਵਾੜਾ ਸੰਸਥਾ ਭਗਤ ਪੂਰਨ ਸਿੰਘ ਜੀ ਦੇ ਸੇਵਾ ਦੇ ਸਿਧਾਂਤਾਂ ’ਤੇ ਚਲਦਿਆਂ ਮਨੁੱਖਤਾ ਦੀ ਸੇਵਾ ਲਈ ਸਦਾ ਪ੍ਰਤੀਬੱਧ ਹੈ। ਇਸ ਮੌਕੇ ਸ੍ਰੀ ਯੋਗੇਸ਼ ਸੂਰੀ (ਮੁੱਖ ਪ੍ਰਸ਼ਾਸਕ), ਸ੍ਰੀ ਗੁਲਸ਼ੰਨ ਰੰਜਨ (ਮੈਡੀਕਲ ਸੋਸ਼ਲ ਵਰਕਰ), ਸ੍ਰੀ ਤਿਲਕ ਰਾਜ (ਜਨਰਲ ਮੈਨੇਜਰ) ਸਮੇਤ ਸੰਸਥਾ ਦੇ ਹੋਰ ਕਰਮਚਾਰੀ ਅਤੇ ਸੇਵਾਦ-ਾਰ ਹਾਜ਼ਰ ਸਨ।



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com